Weekly

# Ambedkar Times

Editor-in-Chief: Prem Kumar Chumber Contact: 001-916-947-8920 Fax: 916-238-1393 E-mail: chumbermedia@yahoo.com, editor@ambedkartimes.com

VOL- 12 ISSUE- 1 March 18, 2020 www.ambedkartimes.com www.ambedkartimes.org



## A grateful nation remembers:

# Sahib Shri Kanshi Ram Ji

We don't want social justice, we want social transformation. Social justice depends on the person in the power. Suppose at one time, some good leader comes to power and people get social justice and are happy but when a bad leader comes to power it turns into injustice again. So, we want whole social transformation. Sahib Kanshi Ram Ji



# "Nature, Humans and Freedom"

WE take pride in entering 12th year of our regular publication of Ambedkar Times. This all has become possible with the uninterrupted support of our supporters, contributors, readers and well-wishers. As we all aware of that the whole world has been passing through an unimaginable crisis for the last few days. The malady had originated at Wuhan in China and quickly engulfed the entire planet sending shivers down the spine in everyone. The malady - Covid19 - is still to be bridled as there has not been any universally recognized curable mechanism against its deadly infection. Corona causalities do not respect any man made and socially constructed caste, class, creed, gender, and cultural boundaries. Cartographic boundaries did not halt its onward journey.

Upper caste, rich, 1st world etc. failed to distinguish themselves from lower caste, poor and 3rd world binaries amidst its silent invasion. Nature's fury teaches us an unforgettable lesson of keeping ourselves united if we want to live happily and to face any contingency, which defy all types of binaries. Freedom is indivisible. So is the burden of oppressive social divisions. Nature teaches us that our (of the entire humanity) fate is common: our sorrows and pleasures are also common. Then why we inclose ourselves in discriminatory caste/faith boundaries? Can one's being belonging to a particular caste/class/faith save her/him from the Corona virus? If we want to face boldly the onslaught of nature, we need to get ourselves free from oppressive social boundaries.



Prem Kumar Chumber
1-916-947-8920

If Corona has been making us physically weak and sick (in some cases even dead), social discrimination kills us mentally and makes us unfit to face boldly the fury of the nature!! Let us leave behind caste binaries and unite together to empower humanity. This could be a true way to achieve real freedom!

# The Legacy of Babu Kanshi Ram

Leader of the down-trodden and the under-privileged – the Bahujan Samaj in the contemporary times. His followers rightly called him Manyawar or Sahib. He earned and deserved these salutations by sheer dedication and tireless efforts towards safe-guarding the interests of dalit masses and the under-dogs of the society. Babu Kanshi Ram was born in an ordinary dalit family of a village in Punjab with no political background and interest. Like any other young man, he joined Government service as a junior scientist in 1957 after his studies. He was fully engaged in his scientific work in one of the laboratories in Kirki till he got attracted towards Dr. B.R. Ambedkar by reading books gifted by his colleagues. He slowly, consciously or otherwise, started taking interest in community and political activities in the late 1960s. Further developments engulfed him fully and he resigned his plush job. Babu Kanshi Ram devoted himself to the issues related to the dalit communities and weaker sections of the society.

His agenda and mission was dalit empowerment and to get their equal participation in power structures. He believed in aggressive politics, prima facie blended with pragmatic approach to gain access to state power. On the one hand he propagated the idea of powerful retaliation and said, "Ek Eet Ka Jawab Do Pathron Se (two stones for one brick)" and on the other cobbled up governments with the Congress Party, BJP and Samajwadi Party at his will and convenience. Babu Kanshi Ram was a master strategist and a visionary. In the run up to his ultimate goal to grab political power, he launched an outfit of dalit employees, backward and minority communities in 1978 called BAMCEF. He floated yet another organization of dalit and socially exploited communities in 1981 and named it DS4 and graduated to form a full fledged political party on April 14, 1984 (birth anniversary of Babasaheb Ambedkar) and named it Bahujan Samaj Party (BSP). M.J. Akbar, a known journalist and columnist, summed up the arrival of Babu Kanshi Ram and said, 'He has come but yet to reach." He reached too during his life time and transformed the BSP to a ruling party in UP, the biggest state of India, under the stewardship of his protégé Mayawati not once but four times. BSP sent a good number of MPs to parliament and a number of state legislatures. BSP became one of the several national parties under the arrangements of the Election Commission. Babu Kanshi Ram became synonymous with dalit empowerment. He stood against status quo in politics and wanted fundamental change by gaining access to power with equal share. He criticized the system of reservation as started with the Poona Pact in 1932 signed between Mahatma Gandhi and Dr. B.R. Ambedkar. Babu Kanshi Ram said that these arrangements of reservation, in place of separate electorates for Scheduled castes as stipulated in the Communal Award of PM Ramsey MacDonald, have created a gap between "genuine and counterfeit" leadership of the depressed classes and termed them as Chamchas (stooges) of the political outfits they represent.



(March 15, 1934 – October 9, 2006)

Coming to the legacy of Babu Kanshi Ram, let me quote from one of his speeches and it will set the matter in its perspective. He said, "I will never get married. I will never acquire any property. I will not visit my home. I will devote and dedicate the rest of my life to achieve the goals of Phule-Ambedkar mission." He proved himself true to his word till his untimely death in 2006 leaving a rich legacy for the politics and social set-up of India. He proved that dalits could become a ruling class, if they recognized their own inherent strength and acted accordingly. He established without doubt that political power and social equality would not come by begging but by asserting. He showed during his life time that sheer dedication and selflessness in public life is certainly recognized and rewarded by the masses. He was a leader of sterling worth without any bank balance and property. He sacrificed the comfort of family life and devoted himself fully to the common cause of poor people. One of the important and relevant aspects of Babu Kanshi Ram's legacy is his effort and success in instilling a sense of confidence among the youth of the marginalized sections of the society. He will be remembered for his immense contribution to the social and political transformation of the Indian society and polity.

I conclude this as a tribute and homage to the memory of one of the greatest leaders of India on his death anniversary by an Urdu couplet of Alama Iqbal:

हज़ारों साल नरगिस अपनी बेनूरी पे रोती है;
बड़ी मुश्किल से होता है चमन में दीदावर पैदा !

**Ambassador Ramesh Chander**
**(Courtesy: The Bits and Pieces – Reminiscences and Reflections of a Novice – a recently released book of**


## Heartiest Congratulations on Sahib Kanshi Ram Ji's 86th Birth Anniversary



A community that doesn't have representation in the political power, that community is dead. *Sahib Kanshi Ram Ji*


ਭੁੱਲ ਜਾਂਦੇ ਬਾਬਾ ਸਾਹਿਬ, ਰਹਿੰਦਾ ਮਿਸ਼ਨ ਅਧੂਰਾ।
ਜੇ ਨਾ ਜੰਮਦਾ ਖੁਆਸ ਪੂਰੇ ਕਾਂਸ਼ੀ ਰਾਮ ਸੂਰਾ।। ਅਮਰ ਦੜੌਚ ਦੀ ਕਲਮ ਤੋਂ



ਅਮਰ ਦੜੌਚ
ਅਤੇ
ਸਮੂਹ ਪਰਿਵਾਰ

# HEARTIEST CONGRATULATIONS !!!

## AMBEDKAR TIMES CELEBRATES 12TH YEAR OF ITS PUBLICATION



**Dear Mr.Prem Chumber,**

It is a matter of immense pleasure to know that AMBEDKAR TIMES, a regular weekly Newspaper has entered 12th year of its existence on March 15th,2020 which also celebrated 86th Birth Anniversary of Manyavar Saheb Kanshi Ram Ji to whom the Paper is dedicated. This is really a vindication of your devoted efforts and enlightened vision and professional journalism that inspite of all the challenges which any new enterprise is likely to face, Ambedkar Times, joined by its sister Publication "DESH DOABA", has been steadily growing in its readership both in USA and abroad. Live coverage of some important functions on Facebook is also an added feature of your services. On December 21st,2019 you hosted the DESH DOABA's"PRATHAM DHANBAD SAMAGAM" in Hayward,California which was a new feather added to your cap.

As a regular reader of your esteemed publications I send my hearty congratulations and best wishes for their continued growth and progress.

Other regular readers and contributors of Ambedkar Times,as I know, include some eminent and literary persons both in USA and abroad, as noted below:

(1)Professor (Dr.) Ronki Ram,Dean, Department of Political Science,Panjab University Chandigarh (India) (2)Ambassador Mr. Ramesh Chander I.F.S (Retired). (3).Mr. Arun Kumar, General Secretary Federation of Ambedkarite & Buddhist Organizations UK (4) Dr. Onkar Singh Bindra(Sacramento) 5) Dr. Amrik SinghSacramento 6) Mr.Raj Kumar Oshoraj, Vice President of Indian Buddhist Society, Toronto (Canada)

**With best wishes and due regards.**

**O. P. Balley**



## O. P. Balley

**General Secretary, Supreme Council Sri Guru Ravidass Sabhas USA**
**Founder Member of**
**Sri Guru Ravidass Sabha Pittsburg (California) USA**

## Message

It is a matter of great satisfaction that today, March 15; The Ambedkar Times has completed 11 years of its existence with élan. Thoughtfully, the Ambedkar Times was dedicated to the memory of the great crusader, Babu Kanshi Ram on his birth anniversary. Ever Since, the paper has been trying hard to uphold and spread the lofty mission of Babu Kanshi Ram to prepare the underprivileged and suppressed masses to claim and get their due share in the power structures of India, not only in the polity but also in the socio-economic sphere.

I take this opportunity to congratulate the worthy Editor-in-Chief of the esteemed Ambedkar Times and wish the paper all success in the years to come.



**Ramesh Chander** Ambassador - I.F.S. (Retired)
91-99885-10940

# Heartiest Congratulations on Sahib Kanshi Ram Ji's 86th Birth Anniversary



**Till the time we won't be successful in politics and not able to have power in our hands, the social and economic transformation is not possible. Political power is the key to success.**

***Sahib Kanshi Ram Ji***



# Hans Raj Kajla and Kajla Family



# A grateful nation remembers:

# Sahib Shri Kanshi Ram Ji

We don't want social justice, we want social transformation. Social justice depends on the person in the power. Suppose at one time, some good leader comes to power and people get social justice and are happy but when a bad leader comes to power it turns into injustice again. So, we want whole social transformation. Sahib Kanshi Ram Ji



## Heartiest Congratulations on Sahib Kanshi Ram Ji's 86th Birth Anniversary

**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Shri Guru Ravidass Temple 1480 HAYNE AVE YUBA CITY, CA. Ph- 530-674-2564**


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ
# ਦੇਸ਼ ਦੁਆਬਾ

VOL - 8 ISSUE - 49
March 18, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡਾ ਆਦਰਸ਼ ਹਨ ਸ਼ਹੀਦ ਭਗਤ ਸਿੰਘ
(ਸ਼ਹੀਦੀ-ਦਿਵਸ 'ਤੇ ਵਿਸੇਸ ਲੇਖ ਦੇਖੋ ਸਫਾ 11, 12, 13 'ਤੇ)

# ਅਮਰੀਕਾ ਦੀ ਅੱਧੀ ਆਬਾਦੀ 'ਤੇ ਮੰਡਰਾ ਰਹੇ ਨੇ ਕੋਰੋਨਾ ਦੇ ਖ਼ਤਰੇ ਦੇ ਬਦਲ

**ਵਾਸ਼ਿੰਗਟਨ (ਬਿਊਰੋ)**– ਕੋਰੋਨਾ ਵਾਇਰਸ ਤੋਂ ਅਮਰੀਕਾ ਸਮੇਤ ਪੂਰੀ ਦੁਨੀਆ ਵਿਚ ਖ਼ੌਫ਼ ਹੈ। ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਅਮਰੀਕਾ ਦੀ ਅੱਧੀ ਆਬਾਦੀ ਇਸ ਖ਼ਤਰਨਾਕ ਵਾਇਰਸ ਦੀ ਲਪੇਟ ਵਿਚ ਆ ਸਕਦੀ ਹੈ। ਕੁਝ ਮਾਹਿਰਾਂ ਨੇ ਦੱਸਿਆ ਹੈ ਕਿ ਅਖੀਰ ਅੱਧੀ ਅਮਰੀਕੀ ਆਬਾਦੀ ਅਤੇ ਖ਼ਾਸ ਤੌਰ 'ਤੇ ਬਜ਼ੁਰਗਾਂ 'ਤੇ ਇਹ ਖ਼ਤਰਾ ਕਿਉਂ ਮੰਡਰਾ ਰਿਹਾ ਹੈ? ਅਮਰੀਕਾ ਦੇ 30 ਤੋਂ ਜ਼ਿਆਦਾ ਰਾਜਾਂ ਵਿਚ ਇਹ ਵਾਇਰਸ ਫੈਲ ਚੁੱਕਾ ਹੈ। ਹੁਣ ਤਕ 1,700 ਤੋਂ ਜ਼ਿਆਦਾ ਲੋਕ ਪ੍ਰਭਾਵਿਤ ਮਿਲੇ ਹਨ ਅਤੇ 41 ਦੀ ਮੌਤ ਵੀ ਹੋ ਚੁੱਕੀ ਹੈ।

ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਬਜ਼ੁਰਗਾਂ ਲਈ ਕੋਰੋਨਾ ਵਾਇਰਸ ਗੰਭੀਰ ਖ਼ਤਰਾ ਹੈ। ਇਨ੍ਹਾਂ ਵਿਚੋਂ 50 ਫ਼ੀਸਦੀ ਲੋਕ ਸਿਹਤ ਸਬੰਧੀ ਕਿਸੇ ਨਾ ਕਿਸੇ ਸਮੱਸਿਆ ਨਾਲ ਜੂਝ ਰਹੇ ਹਨ। ਦਿਲ ਦੇ ਰੋਗ, ਕੈਂਸਰ ਅਤੇ ਡਾਇਬਟੀਜ਼ ਵਰਗੀਆਂ ਬਿਮਾਰੀਆਂ ਕੋਰੋਨਾ ਵਾਇਰਸ ਦੇ ਮਰੀਜ਼ ਨੂੰ ਗੰਭੀਰ ਕਰ ਸਕਦੀਆਂ ਹਨ। ਕੁਝ ਹਾਲੀਆ ਅਧਿਐਨ ਵਿਚ ਇਨ੍ਹਾਂ ਖ਼ਤਰਿਆਂ ਨੂੰ ਲੈ ਕੇ ਆਗਾਹ ਕੀਤਾ ਗਿਆ ਹੈ। ਵੈਂਡਰ ਬਿਲਟ ਯੂਨੀਵਰਸਿਟੀ ਦੇ ਇਨਫੈਕਸ਼ਨ ਰੋਗ ਮਾਹਿਰ ਡਾ. ਵਿਲੀਅਮ ਸ਼ੇਫਨਰ ਨੇ ਕਿਹਾ ਕਿ 60 ਸਾਲ ਤੋਂ ਜ਼ਿਆਦਾ ਉਮਰ ਵਾਲੇ ਹੋਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਨੂੰ ਨਿੱਜੀ ਤੌਰ 'ਤੇ ਸੁਚੇਤ ਹੋ ਜਾਣਾ ਚਾਹੀਦਾ ਹੈ।



**ਇਹ ਹੋ ਸਕਦੇ ਹਨ ਕਾਰਨ**

ਡਾ. ਵਿਲੀਅਮ ਸਣੇ ਕਈ ਜਨ ਸਿਹਤ ਮਾਹਿਰਾਂ ਨੇ ਕੁਝ ਅਜਿਹੇ ਕਾਰਨ ਦੱਸੇ ਹਨ ਜਿਨ੍ਹਾਂ ਨਾਲ ਕੋਰੋਨਾ ਦਾ ਖ਼ਤਰਾ ਵੱਧ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਨੁਮਾਨਿਤ 3.4 ਕਰੋੜ ਅਮਰੀਕੀ ਸਿਗਰਟਨੋਸ਼ੀ ਕਰਦੇ ਹਨ ਅਤੇ ਇਨ੍ਹਾਂ ਵਿੱਚੋਂ 1.6 ਕਰੋੜ ਸਿਗਰਟਨੋਸ਼ੀ ਸਬੰਧੀ ਬਿਮਾਰੀਆਂ ਤੋਂ ਪੀੜਤ ਹਨ। ਟਾਈਪ-1 ਅਤੇ ਟਾਈਪ-2 ਡਾਇਬਟੀਜ਼ ਰੋਗੀਆਂ ਦੇ ਨਾਲ ਹੀ ਦਮਾ, ਦਿਲ ਦਾ ਰੋਗ ਅਤੇ ਸਾਹ ਸਬੰਧੀ ਬਿਮਾਰੀਆਂ ਨਾਲ ਜੂਝ ਰਹੇ ਲੋਕ ਵੀ ਵਾਇਰਸ ਪ੍ਰਤੀ ਸੰਵੇਦਨਸ਼ੀਲ ਹੋ ਸਕਦੇ ਹਨ।

**ਯੂਨੀਵਰਸਿਟੀਆਂ ਬੰਦ ਹੋਣ ਨਾਲ ਵਿਦਿਆਰਥੀਆਂ 'ਚ ਬੇਯਕੀਨੀ**

ਅਮਰੀਕਾ ਦੇ ਕਈ ਰਾਜਾਂ ਵਿਚ ਕੋਰੋਨਾ ਵਾਇਰਸ ਕਾਰਨ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬੰਦ ਕੀਤੇ ਜਾਣ ਨਾਲ ਵਿਦਿਆਰਥੀਆਂ ਵਿਚ ਬੇਯਕੀਨੀ ਦਾ ਮਾਹੌਲ ਹੈ। ਖ਼ਾਸ ਤੌਰ 'ਤੇ ਵਿਦੇਸ਼ੀ ਵਿਦਿਆਰਥੀਆਂ ਦੇ ਸਾਹਮਣੇ ਸਮੱਸਿਆ ਖੜ੍ਹੀ ਹੋ ਗਈ ਹੈ। ਘੱਟ ਆਮਦਨ ਵਾਲੇ

(ਬਾਕੀ ਸਫਾ 9 'ਤੇ)




ਲੰਡਨ 'ਚ ਅੰਬੇਦਕਰ ਮਿਊਜ਼ੀਅਮ (ਦੇਖੋ ਸਫਾ 6)

# ਪੰਜਾਬ 'ਚ ਮੈਰਿਜ ਪੈਲੇਸ, ਕਿਸਾਨ ਮੰਡੀਆਂ, ਮਾਰਕੀਟਾਂ, ਸਕੂਲ-ਕਾਲਜ ਬੰਦ

**ਚੰਡੀਗੜ੍ਹ (ਬਿਊਰੋ)**– ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਭਾਰਤ ਸਰਕਾਰ ਵੱਲੋਂ ਜਾਰੀ ਐਡਵਾਈਜ਼ਰੀ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਮੰਤਰੀ ਸਮੂਹ ਨੇ ਜਨਤਕ ਇਕੱਠ ਨੂੰ ਰੋਕਣ ਲਈ ਕਈ ਹੋਰ ਸਖ਼ਤ ਕਦਮ ਚੁੱਕੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਸਮੂਹ ਦੀ ਮੀਟਿੰਗ ਵਿੱਚ ਸਾਰੇ ਸ਼ਾਪਿੰਗ ਕੰਪਲੈਕਸਾਂ, ਮਾਲਜ਼, ਅਜਾਇਬਘਰ ਅਤੇ ਸਥਾਨਕ ਹਫਤਾਵਾਰੀ ਕਿਸਾਨ ਮੰਡੀਆਂ ਨੂੰ ਬੰਦ ਕਰਨ ਦੇ ਨਾਲ ਨਾਲ ਸਾਰੀਆਂ ਧਾਰਮਿਕ ਸੰਸਥਾਵਾਂ ਅਤੇ ਡੇਰਾ ਮੁਖੀਆਂ ਨੂੰ ਆਪਣੇ ਧਾਰਮਿਕ ਸਮਾਗਮ 31 ਮਾਰਚ, 2020 ਤਕ ਮੁਲਤਵੀ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ।




ਭਾਰਤ ਸਰਕਾਰ ਵੱਲੋਂ ਜਾਰੀ ਐਡਵਾਈਜ਼ਰੀ ਦੇ ਆਧਾਰ 'ਤੇ, ਮੰਤਰੀ ਸਮੂਹ ਨੇ ਮੈਰਿਜ ਪੈਲੇਸਾਂ ਵਿਖੇ ਕਰਵਾਏ ਜਾ ਰਹੇ ਵਿਆਹ ਸਮਾਗਮਾਂ ਦੌਰਾਨ ਇਕੱਠ ਕਰਨ 'ਤੇ ਰੋਕ ਲਗਾਉਣ ਦਾ ਵੀ ਫੈਸਲਾ ਕੀਤਾ ਹੈ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਮੈਰਿਜ ਪੈਲੇਸਾਂ ਵਿੱਚ ਕਿਸੇ ਵੀ ਸਮਾਰੋਹ ਦੌਰਾਨ 50 ਵਿਅਕਤੀਆਂ ਤੋਂ ਵੱਧ ਇਕੱਠ ਨਾ ਕੀਤਾ ਜਾਵੇ। ਇਸੇ ਤਰਾਂ ਡਿਪਟੀ ਕਮਿਸ਼ਨਰਾਂ ਨੂੰ ਆਪਣੇ ਅਧਿਕਾਰ ਖੇਤਰ ਵਿਚਲੇ ਸਾਰੇ ਰੈਸਟੋਰੈਂਟਾਂ, ਹੋਟਲਾਂ, ਢਾਬਿਆਂ ਅਤੇ ਫੂਡ ਕੋਰਟਾਂ ਵਿੱਚ ਹੈਂਡ ਵਾਸ਼ਿੰਗ ਪ੍ਰੋਟੋਕੋਲ ਲਾਗੂ ਕਰਨ ਅਤੇ ਜਿਸ ਜਗ੍ਹਾ ਨੂੰ ਵੱਧ ਲੋਕ ਛੂੰਹਦੇ ਹਨ ਉਹਨਾਂ ਥਾਵਾਂ ਦੀ ਢੁਕਵੀਂ ਸਫਾਈ ਤੋਂ ਇਲਾਵਾ ਵਿਅਕਤੀਆਂ ਅਤੇ ਟੇਬਲਾਂ ਵਿਚਕਾਰ 1 ਮੀਟਰ ਦੀ ਦੂਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਸੂਬੇ ਦੇ ਸਾਰੇ ਸ਼ਾਪਿੰਗ ਕੰਪਲੈਕਸ, ਮਾਲ ਅਤੇ ਸਿਨੇਮਾ 31 ਮਾਰਚ ਤਕ ਬੰਦ ਰਹਿਣਗੇ ਪਰ ਮਾਲਜ਼ ਵਿਚਲੀਆਂ ਕੈਮਿਸਟਾਂ ਅਤੇ ਕਰਿਆਨੇ ਦੀਆਂ ਦੁਕਾਨਾਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ। ਇਸੇ ਤਰ੍ਹਾਂ ਲੋਕਾਂ ਨੂੰ ਇਕ ਥਾਂ 'ਤੇ ਇਕੱਠੇ ਹੋਣ ਤੋਂ ਰੋਕਣ ਲਈ ਸੂਬੇ ਦੀਆਂ ਸਾਰੀਆਂ ਸਥਾਨਕ ਹਫਤਾਵਾਰੀ ਕਿਸਾਨ

(ਬਾਕੀ ਸਫਾ 9 'ਤੇ)


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor
Catering for all your Events
1600 Washington Ave.
San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on
Fox News, MSNBC and Kron 4
FAMILY LAW,
CRIMINAL
DEFENSE
AND CIVIL
LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.
959 Corporate Way, Fremont, CA. 94539



Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets




Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਕਰੋਨਾਵਾਇਰਸ ਕਾਰਨ ਗੁਰਦਵਾਰਾ ਸਿੰਘ ਸਭਾ ਨੇ ਐਤਵਾਰ ਦੇ ਦੀਵਾਨ ਅਤੇ ਵੱਡੇ ਪ੍ਰੋਗਰਾਮ ਕੀਤੇ ਰੱਦ

**ਫਰਿਜ਼ਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਕਰੋਨਾਵਾਇਰਸ ਦੇ ਡਰ ਨੂੰ ਅਤੇ ਸਰਕਾਰੀ ਹਦਾਇਤਾ ਨੂੰ ਮੁੱਖ ਰੱਖਦਿਆਂ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ ਦੀ ਕਮੇਟੀ ਨੇ ਪਹਿਲ ਕਦਮੀ ਕਰਦਿਆਂ ਸਰਕਾਰ ਦੀਆਂ ਗਾਈਡ ਲਾਈਨਜ਼ ਨੂੰ ਮੁੱਖ ਰੱਖਕੇ ਅਹਿਮ ਫੈਸਲਾ ਲੈਂਦਿਆਂ 16 ਮਾਰਚ ਤੋਂ ਐਤਵਾਰ ਦੇ ਦੀਵਾਨ ਅਤੇ ਲੰਗਰਾਂ ਦੀਆ ਸੇਵਾਵਾ ਅਣਮਿਥੇ ਸਮੇਂ ਲਈ ਮੁਅੱਤਲ ਕਰ ਦਿੱਤੀਆ ਹਨ। ਇਸੇ ਤਰ੍ਹਾਂ ਗੁਰੂ ਘਰ ਵਿਖੇ ਚੱਲਦੇ ਪੰਜਾਬੀ ਸਕੂਲ ਦੀਆ ਕਲਾਸਾਂ ਵੀ 16 ਮਾਰਚ ਤੋਂ 20 ਅਪ੍ਰੈਲ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ। ਗੁਰਮਰਿਯਾਦਾ ਅਨੁਸਾਰ ਸਵੇਰ ਸ਼ਾਮ ਨੂੰ ਹਮੇਸਾ ਵਾਂਗ ਸਰਬੱਤ



ਦੇ ਭਲੇ ਦੀ ਅਰਦਾਸ ਹੋਵੇਗੀ। ਆਮ ਸੰਗਤ ਦੇ ਮੱਥਾ ਟੇਕਣ ਲਈ ਗੁਰਦਵਾਰਾ ਸਹਿਬ ਵੀ ਹਮੇਸਾ ਵਾਂਗ ਖੁੱਲ੍ਹਾ ਰਹੇਗਾ। ਇਸੇ ਤਰੀਕੇ ਫਿਊਨਰਲ ਸਰਵਿਸ ਅਤੇ ਵਿਆਹ ਸ਼ਾਦੀਆਂ (ਜਿਹੜੇ ਪਹਿਲਾਂ ਹੀ ਬੁੱਕ ਹਨ ਜਾਂ ਆਉਣ ਵਾਲੇ ਸਮੇਂ ਦੌਰਾਨ ਹੋਣਗੇ) ਲਈ ਵੀ ਸਰਕਾਰੀ ਗਾਈਡ ਲਾਈਨਜ਼ ਮੁਤਾਬਕ 250 ਤੋਂ ਵੱਧ ਬੰਦਿਆ ਦਾ ਇਕੱਠ ਨਾਂ ਹੋਵੇ 'ਤਾਂ ਗੁਰੂ-ਘਰ ਦੀ ਕਮੇਟੀ ਤੁਹਾਡੇ ਸਹਿਯੋਗ ਲਈ ਧੰਨਵਾਦੀ ਹੋਵੇਗੀ। ਕਮੇਟੀ ਵੱਲੋਂ ਜਾਰੀ ਪ੍ਰੈਸ ਨੋਟ ਰਾਹੀਂ ਉਪਰੋਕਤ ਜਾਣਕਾਰੀ ਸਥਾਨਕ ਪੱਤਰਕਾਰਾਂ ਨਾਲ ਸਾਂਝੀ ਕੀਤੀ ਗਈ। ਇਨਸਾਨੀਅਤ ਦੀ ਭਲਾਈ ਲਈ ਗੁਰੂਘਰ ਦੀ ਕਮੇਟੀ ਦਾ ਇਹ ਫੈਸਲਾ ਸਲਾਹੁਣਯੋਗ ਕਦਮ ਹੈ।

# ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਨੂੰ ਮਿਲਿਆਂ ਇਤਿਹਾਸਕਤਾ ਦਾ ਮਾਣ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਵੈਲੀ ਕੈਲੀਫੋਰਨੀਆਂ ਦਾ ਸਭ ਪੁਰਾਣਾ ਅਤੇ ਇਲਾਕੇ ਦਾ ਪਹਿਲਾ ਗੁਰੂਘਰ ਹੈ। ਇਸ ਇਲਾਕੇ ਵਸੀ ਸਿੱਖ ਸੰਗਤ ਨੇ ਰਲ ਕੇ 1970 ਦੇ ਦਹਾਕੇ ਵਿੱਚ ਗੁਰੂਘਰ ਦੀ ਸਥਾਪਨਾ ਇਕ ਸਟੋਰ ਦੀ ਬਹੁਤ ਵੱਡੀ ਦੋ-ਮੰਜਲਾ ਇਮਾਰਤ ਲੈ ਕੇ ਕੀਤੀ ਸੀ।

ਗੁਰਦੁਆਰਾ ਸਾਹਿਬ ਅੱਜ ਤੱਕ ਸੰਗਤਾਂ ਨੂੰ ਸੇਵਾਵਾ ਦੇ ਰਿਹਾ ਹੈ। ਸੰਗਤਾਂ ਬੇਸ਼ੱਕ ਦੂਰ-ਦੁਰਾਡੇ ਸ਼ਹਿਰਾਂ ਵਿੱਚ ਜਾ ਵਸੀਆ, ਪਰ ਆਪਣੇ ਧਾਰਮਿਕ ਕਾਰਜਾਂ ਲਈ ਇੱਥੇ ਆ ਸੇਵਾਵਾ ਨਿਭਾਉਦੀਆ ਹਨ। ਇਸ ਗੁਰੂਘਰ ਤੋਂ ਬਾਹਰ ਸਾਹਮਣੇ ਗੁਰੂਘਰ ਵੱਲੋਂ ਬਣਾਇਆ ਗਿਆ 'ਪੰਜਾਬੀ ਕਮਿਊਨਟੀ ਹਾਲ' ਵੀ ਜਿੱਥੇ ਪੰਜਾਬੀ ਭਾਈਚਾਰੇ ਲਈ ਵਿਆਹ ਅਤੇ ਜਨਮ ਦਿਨ ਆਦਿਕ ਦੀਆ ਪਾਰਟੀਆਂ ਤੋਂ ਇਲਾਵਾ ਸਮੁੱਚੇ ਅਮਰੀਕਨ ਅਤੇ ਮੈਕਸੀਕਨ ਭਾਈਚਾਰੇ ਲਈ ਵੀ ਆਪਣੇ ਦਿਨ ਤਿਉਹਾਰ ਮਨਾਉਣ ਲਈ ਸੇਵਾਵਾ ਪ੍ਰਦਾਨ ਕਰਦਾ ਹੈ। ਪ੍ਰਬੰਧਕਾਂ ਅਨੁਸਾਰ ਗੁਰੂਘਰ ਦੀ ਇਮਾਰਤ ਨੂੰ ਬਣਿਆਂ 100 ਸਾਲ ਤੋਂ ਵਧੀਕ ਸਮਾਂ ਹੋ ਗਿਆ ਹੈ। ਜਦ ਕਿ ਗੁਰੂਘਰ ਸਥਾਪਿਤ ਕੀਤੇ ਨੂੰ 50 ਸਾਲ ਦੇ ਲੱਗਭਗ ਹੋ ਗਏ ਹਨ। ਇਲਾਕੇ ਦੀ ਇਹ ਸਭ ਤੋਂ ਪੁਰਾਣੀ ਇਮਾਰਤ ਹੈ। ਜਿਸ ਦੀ ਆਸਥਾ ਸਿੱਖ ਧਰਮ ਨਾਲ ਜੁੜ ਚੁੱਕੀ ਹੈ। ਸਮੁੱਚੀ ਸਿੱਖ ਸੰਗਤ ਅਤੇ ਇਲਾਕੇ ਦੀਆ ਵੱਖ-ਵੱਖ ਜੱਥੇਬੰਦੀਆ ਦੇ ਸਹਿਯੋਗ ਨਾਲ ਇਸ ਗੁਰੂਘਰ ਨੂੰ ਫਰਿਜ਼ਨੋ ਕਾਊਟੀ ਦੁਆਰਾ ਇਤਿਹਾਸਕ ਗੁਰੂਘਰ ਹੋਣ ਦਾ ਮਾਣ ਦਿੱਤਾ ਗਿਆ ਹੈ। ਜਿਸ ਸੰਬੰਧੀ ਗੁਰੂਘਰ ਨਾਲ ਜੁੜੀਆਂ ਸੰਗਤਾਂ ਨੇ ਖੁਸ਼ੀ ਮਨਾਈ। ਸਮੁੱਚੇ ਕਾਰਜ ਲਈ ਗੁਰੂਘਰ ਦੇ ਪ੍ਰਬੰਧਕ ਅਤੇ ਸਹਿਯੋਗੀ ਵਧਾਈ ਦੇ ਪਾਤਰ ਹਨ।






# ਅਮਰੀਕਾ ਦੇ ਕੇਨਸਸ ਰਾਜ ਦੇ ਸਕੂਲਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਹੋਵੇਗਾ ਸ਼ਾਮਿਲ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)— ਕੇਨਸਸ ਰਾਜ ਵੱਲੋਂ ਸਿੱਖ ਇਤਿਹਾਸ ਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸਕੂਲਾਂ ਦੇ ਸਲੇਬਸ ਵਿਚ ਸ਼ਾਮਿਲ ਕਰਨ ਦਾ ਇਤਿਹਾਸਕ ਨਿਰਨਾ ਲਿਆ ਗਿਆ ਹੈ। ਕੇਨਸਸ ਰਾਜ ਅਮਰੀਕਾ ਦਾ 14 ਵਾਂ ਰਾਜ ਬਣ ਗਿਆ ਹੈ ਜਿਸ ਨੇ ਸੋਸਲ ਸਟੱਡੀਜ਼ ਦੇ ਸਲੇਬਸ ਵਿਚ ਸਿੱਖ ਇਤਿਹਾਸ ਤੇ ਸਿੱਖਿਆਵਾਂ ਨੂੰ ਸ਼ਾਮਿਲ ਕੀਤਾ ਹੈ। ਇਸ ਤੋਂ ਹਫਤਾ ਪਹਿਲਾਂ ਅਜਿਹਾ ਹੀ ਪ੍ਰਸਤਾਵ ਇੰਡਿਆਨਾ ਸਿੱਖਿਆ ਬੋਰਡ ਨੇ ਪਾਸ ਕੀਤਾ ਸੀ। ਕੇਨਸਸ ਤੇ ਇੰਡਿਆਨਾ ਵੱਲੋਂ ਲਏ ਗਏ ਫੈਸਲਿਆਂ ਉਪਰੰਤ 23,028,547 ਵਿਦਿਆਰਥੀਆਂ, ਜੋ ਅਮਰੀਕਾ ਦੇ ਪਬਲਿਕ ਸਕੂਲਾਂ ਦੇ ਕੁਲ ਵਿਦਿਆਰਥੀਆਂ ਦਾ 45% ਹਿੱਸਾ ਬਣਦਾ ਹੈ, ਨੂੰ ਸਿੱਖ ਇਤਿਹਾਸ ਬਾਰੇ ਜਾਣਨ ਦਾ ਅਵਸਰ ਪ੍ਰਦਾਨ ਹੋਵੇਗਾ। ਇਸ ਫੈਸਲੇ ਉਪਰੰਤ ਸਿੱਖ ਹਲਕਿਆਂ ਵਿਚ ਖੁਸ਼ੀ ਪਾਈ ਜਾ ਰਹੀ ਹੈ। ਪ੍ਰਿਤਪਾਲ ਕੌਰ ਸਿੱਖ



ਕੁਲੀਸ਼ਨ ਐਜੂਕੇਸ਼ਨ ਡਾਇਰੈਕਟਰ ਨੇ ਇਸ ਉਪਰ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਇਹ ਵਰਿਆਂ ਤੋਂ ਚਲੀ ਆਉਂਦੀ ਸਿੱਖ ਧਰਮ ਬਾਰੇ ਜਾਗਰੂਕਤਾ ਮੁਹਿੰਮ ਦੀ ਜਿੱਤ ਹੈ। ਉਨਾਂ ਕਿਹਾ ਕਿ ਇਹ ਅਜੇ ਪਹਿਲਾ ਕਦਮ ਹੈ ਸਾਨੂੰ ਇਸ ਗੱਲ ਨੂੰ ਨਿਸ਼ਚਤ ਬਣਾਉਣਾ ਪਵੇਗਾ ਕਿ ਅਧਿਆਪਕ ਤੇ ਵਿਦਿਆਰਥੀ ਸਿੱਖ ਧਰਮ ਬਾਰੇ ਸਹੀ ਤੇ ਉਚਿੱਤ ਜਾਣਕਾਰੀ ਪ੍ਰਾਪਤ ਕਰਨ। ਇਸ ਤੋਂ ਪਹਿਲਾਂ ਜਿਨਾਂ ਰਾਜਾਂ ਦੇ ਸਲੇਬਸ ਵਿਚ ਸਿੱਖ ਇਤਿਹਾਸ ਸ਼ਾਮਿਲ ਕੀਤਾ ਜਾ ਚੁੱਕਾ ਹੈ, ਉਨਾਂ ਵਿਚ ਨਿਊ ਜਰਸੀ, ਟੈਕਸਸ, ਨਿਊਯਾਰਕ, ਕੈਲੀਫੋਰਨੀਆ, ਲਦਾਹੋ, ਟੈਨੇਸੀ, ਕੋਲੋਰਾਡੋ, ਐਰੀਜ਼ੋਨਾ, ਓਕਲਾਹੋਮਾ, ਮਿਸ਼ੀਗਨ, ਉਤਰੀ ਡਕੋਟਾ ਤੇ ਨੈਰਸਕਾ ਸ਼ਾਮਿਲ ਹਨ। ਇਥੇ ਇਹ ਜਿਕਰਯੋਗ ਹੈ ਕਿ ਕੇਨਸਸ ਦੀ ਸਿੱਖਿਆ ਨੀਤੀ ਅਨੁਸਾਰ ਸਲੇਬਸ ਉਪਰ ਸਕੂਲ ਜਿਲਿਆਂ ਦਾ ਨਿਯੰਤਰਣ ਹੈ।

# ਅਮਰੀਕਾ ਸਰਕਾਰ ਵਲੋਂ ਸਿੱਖਾਂ ਦੇ ਨਵੇਂ ਸਾਲ ਨੂੰ ਮਿਲੀ ਮਾਨਤਾ

## ਕਨੇਕਟੀਕਟ ਦੇ ਗਵਰਨਰ ਨੇ ਮਾਰਚ 14 ਨੂੰ "ਸਿੱਖ ਨਿਊ ਈਯਰ" ਵਜੋਂ ਮਨਾਉਣ ਦਾ ਕੀਤਾ ਐਲਾਨ

**ਹਾਰਟਫੋਟ, ਕਨੇਕਟੀਕਟ (ਹੁਸਨ ਲੜੋਆ ਬੰਗਾ)-** ਅਮਰੀਕਾ ਦੀ ਇਕ ਸਟੇਟ ਕਨੇਕਟੀਕਟ ਦੇ ਗਵਰਨਰ ਨੇ ਸਿੱਖਾਂ ਦੇ ਕੈਲੰਡਰ ਨੂੰ ਮੁੱਖ ਰੱਖ ਕੇ ਸਿੱਖਾਂ ਨੂੰ ਨਾ ਹੀ ਸਿਰਫ ਓਹਨਾ ਦੇ ਨਵੇਂ ਸਾਲ ਦੀਆਂ ਮੁਬਾਰਕਾਂ ਦਿਤੀਆਂ ਸਗੋਂ "ਮਾਰਚ 14" ਨੂੰ "ਸਿੱਖ ਨਿਊ ਈਯਰ" ਵਜੋਂ ਮਾਨਤਾ ਵੀ ਦਿੱਤੀ। ਅਮਰੀਕਾ ਦੇ 125 ਸਾਲਾ ਸਿੱਖ ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਹੈ ਕਿ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਨਾਨਕਸ਼ਾਹੀ ਸਿੱਖ ਕੈਲੰਡਰ ਮੁਤਾਬਿਕ ਮਾਰਚ 14 ਨੂੰ ਸਿੱਖਾਂ ਦੇ ਪਹਿਲੇ ਮਹੀਨੇ "ਚੇਤ" ਦੀ ਸ਼ੁਰੂਆਤ ਹੁੰਦੀ ਹੈ ਤੇ ਇਸੇ ਅਨੁਸਾਰ ਮਾਰਚ 14 ਸਿੱਖਾਂ ਦਾ ਨਵਾਂ ਸਾਲ ਹੁੰਦਾ ਹੈ। ਇਹ ਜਾਣਕਾਰੀ ਕਨੇਕਟੀਕਟ ਤੋਂ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰ ਸਵਰਨਜੀਤ ਸਿੰਘ ਖਾਲਸਾ ਨੇ ਸਾਂਝੀ ਕੀਤੀ ਤੇ ਦੱਸਿਆ ਕਿ ਓਹਨਾ ਨੇ ਗਵਰਨਰ ਨੇਡ ਲਾਮੋਂਟ ਦੇ ਇਹ ਫ਼ੈਸਲੇ ਨੂੰ ਲੈ ਕੇ ਵਿਸ਼ੇਸ਼ ਤੌਰ ਤੇ ਉਹਨਾਂ ਦਾ ਵਰਲਡ ਸਿੱਖ ਪਾਰਲੀਮੈਂਟ ਵਲੋਂ ਧੰਨਵਾਦ ਕੀਤਾ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸਿੱਖਾਂ ਦੀ ਆਵਾਜ਼ ਕਨੇਕਟੀਕਟ ਵਿੱਚ ਗੂੰਜੀ ਹੈ ਬਲਕਿ ਪਿਛਲੇ ਸਾਲ ਗਵਰਨਰ ਵਲੋਂ ਸਿੱਖ ਸ਼ਹੀਦਾਂ ਦੀ ਯਾਦ ਵਿਚ ਜੂਨ ਦੇ ਮਹੀਨੇ ਨੂੰ "ਸਿੱਖ ਯਾਦਗਾਰੀ ਮਹੀਨਾ" ਵਜੋਂ ਮਾਨਤਾ ਦਿੱਤੀ ਗਈ ਅਤੇ ਨਵੰਬਰ 1 ਨੂੰ ਹਰ ਸਾਲ "ਸਿੱਖ ਨਸਲਕੁਸ਼ੀ ਯਾਦ ਦਿਵਸ" ਵਜੋਂ ਮਨਾਉਣ ਦਾ ਫੈਸਲਾ ਵੀ ਕੀਤਾ। "ਸਿੱਖ ਨਿਊ ਈਯਰ" ਐਲਾਨ ਕਨੇਕਟੀਕਟ ਦੀ ਡਿਪਟੀ ਗਵਰਨਰ ਸੂਸਨ ਬਿਸੇਵੀਜ਼ ਨੇ ਸ੍: ਸਵਰਨਜੀਤ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਇੱਕ ਅਹਿਮ ਮੀਟਿੰਗ ਦੇ ਦੌਰਾਨ ਕੀਤਾ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਮੈਂਬਰਾਂ ਨੂੰ ਨਵੇਂ ਸਾਲ ਦੀਆ ਵਧਾਈਆਂ ਦਿੱਤੀਆਂ। ਇਸ ਮੀਟਿੰਗ ਵਿੱਚ ਵਿਰਜੀਨੀਆ ਤੋਂ ਦਵਿੰਦਰ ਸਿੰਘ ਦਿਓਲ, ਪਵਨ ਸਿੰਘ, ਕੈਨੇਕਟੀਕਟ ਵੀਰ ਸਿੰਘ ਮਾਂਗਟ, ਮਹਿੰਦਰ ਸਿੰਘ ਕਲਸੀ ਤੇ ਮਨਮੋਹਨ ਸਿੰਘ ਭਰਾਰਾ ਵੀ ਸ਼ਾਮਲ ਸਨ। ਇਸ ਮੌਕੇ ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਸਾਰੀਆਂ ਦਾ ਧੰਨਵਾਦ ਕੀਤਾ ਤੇ ਪਾਰਲੀਮੈਂਟ ਦੇ ਕੰਮਾਂ ਤੇ ਚਾਨਣਾ ਪਾਇਆ।

ਵਰਲਡ ਸਿੱਖ ਪਾਰਲੀਮੈਂਟ ਦੇ ਜਨਰਲ ਸਕੱਤਰ ਹਰਦਿਆਲ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਸਾਰੀਆਂ ਵੱਖ ਵੱਖ ਕੌਂਸਲਾਂ ਦੇ ਕੰਮਾਂ ਨੂੰ ਸਲਾਹਿਆ ਤੇ ਇਹੋ ਜਿਹੇ ਉਪਰਾਲਿਆਂ ਨੂੰ ਬਾਕੀ ਦੇਸ਼ਾਂ ਵਿੱਚ ਅੰਜਾਮ ਦੇਣ ਲਈ ਨੌਜਵਾਨਾਂ ਨੂੰ ਪਾਰਲੀਮੈਂਟ ਨਾਲ ਜੋੜਣ ਲਈ ਪ੍ਰੇਰਿਆ। ਇਸ ਵਿਸ਼ੇਸ਼ ਐਲਾਨ ਕਰਨ ਸਮੇਂ ਕਨੇਕਟੀਕਟ ਦੇ ਗਵਰਨਰ ਦੇ ਨਾਲ ਸਟੇਟ ਸੈਨੇਟਰ ਕੈਥੀ ਓਸਟੇਨ ਅਤੇ ਸਟੇਟ ਅਸੈਂਬਲੀ ਮੈਂਬਰ ਕੇਵਿਨ ਰਯਾਨ ਵੀ ਸ਼ਾਮਿਲ ਸਨ।



# ਕੋਰੋਨਾਵਾਇਰਸ ਨੂੰ ਲੈ ਕੇ ਮੈਰੀਲੈਂਡ ਸੂਬੇ ਚ' ਇਨਕਮ ਟੈਕਸ ਦੀ ਆਖਰੀ ਮਿਤੀ 15 ਜੁਲਾਈ 2020 ਤੱਕ ਵਧਾਈ ਗਈ

**ਮੈਰੀਲੈਡ (ਰਾਜ ਗੋਗਨਾ )-** ਵ੍ਹਾਈਟ ਹਾਊਸ ਤੋਂ ਅੱਜ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਜਿਥੇ ਫੈਡਰਲ ਆਮਦਨੀ ਟੈਕਸ ਅਦਾਇਗੀਆਂ ਲਈ 15 ਅਪ੍ਰੈਲ ਦੀ ਆਖਰੀ ਤਰੀਕ ਵਿਚ 90 ਦਿਨਾਂ ਦਾ ਵਾਧਾ ਕੀਤਾ ਗਿਆ ਹੈ।ਅਮਰੀਕਾ ਦੇ ਸੂਬੇ ਮੈਰੀਲੈਂਡ ਕੰਪਟੋਲਰ ਪੀਟਰ ਫਰੈਂਚੋਟ ਨੇ ਐਲਾਨ ਕੀਤਾ ਹੈ ਕਿ ਮੈਰੀਲੈਂਡ ਕਾਰੋਬਾਰੀ ਅਤੇ ਵਿਅਕਤੀਗਤ ਆਮਦਨ ਟੈਕਸਦਾਤਾਵਾਂ ਨੂੰ ਵੀ ਉਹੀ ਰਾਹਤ ਮਿਲੇਗੀ।ਜੇ 15 ਜੁਲਾਈ, 2020 ਤੱਕ 2019 ਦਾ ਟੈਕਸ ਭੁਗਤਾਨ ਕੀਤੇ ਜਾਂਦੇ ਹਨ, ਤਾਂ ਦੇਰ ਨਾਲ ਅਦਾਇਗੀ ਲਈ ਕੋਈ ਵਿਆਜ ਜਾਂ ਜ਼ੁਰਮਾਨਾ ਨਹੀਂ ਲੱਗੇਗਾ। ਹੁਣੇ,



ਮੈਰੀਲੈਂਡ ਦੇ ਟੈਕਸ ਦਾਤਾਵਾਂ ਅਤੇ ਕਾਰੋਬਾਰਾਂ ਨੂੰ ਆਪਣੀ ਸਿਹਤ ਅਤੇ ਆਪਣੇ ਬਿੱਲ ਬੱਤੀਆਂ ਅਤੇ ਆਪਣੇ ਘਰਾਂ ਅਤੇ ਕਾਰੋਬਾਰਾਂ ਦੋਨੋ ਨੂੰ ਹੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਮੈਰੀਲੈਂਡ ਸਟੇਟ ਦੇ ਵਿਅਕਤੀਗਤ ਅਤੇ ਵਪਾਰਕ ਆਮਦਨੀ ਟੈਕਸ ਭੁਗਤਾਨਾਂ ਲਈ ਨਿਰਧਾਰਤ ਮਿੱਤੀ ਵਧਾਉਣ ਨਾਲ ਸਾਡੀ ਆਰਥਿਕਤਾ ਅਤੇ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿੱਚ ਨਕਦੀ ਚਲਦੀ ਰਹਿੰਦੀ ਹੈ।ਟੈਕਸ ਭੁਗਤਾਨ ਕਰਨ ਵਾਲੇ ਜੋ ਆਪਣੀ ਰਿਟਰਨ ਦਾਖਲ ਕਰਨ ਲਈ ਫੈਡਰਲ ਵਿਸਥਾਰ ਦਾ ਫਾਇਦਾ ਲੈਂਦੇ ਹਨ, ਜੋ ਅੱਜ ਉਨ੍ਹਾਂ ਦੇ ਟੈਕਸਾਂ ਦੀ ਅਦਾਇਗੀ ਲਈ ਦਿੱਤੀ ਰਾਹਤ ਤੋਂ ਵੱਖ ਹੈ, ਆਪਣੇ ਮੈਰੀਲੈਂਡ ਟੈਕਸ ਭਰਨ 'ਤੇ ਆਪਣੇ ਆਪ ਉਹਨਾਂ ਨੂੰ ਐਕਸਟੈਂਸ਼ਨ ਦਿੱਤੀ ਜਾਏਗੀ। ਕੋਈ ਵਾਧੂ ਐਕਸਟੈਂਸ਼ਨ ਫਾਰਮਾਂ ਦੀ ਲੋੜ ਨਹੀਂ ਹੈ। 1 ਜਨਵਰੀ, 2020 ਨੂੰ 31 ਮਾਰਚ, 2020 ਤੱਕ ਖਤਮ ਹੋਣ ਵਾਲੇ ਟੈਕਸ ਸਾਲ ਦੇ ਨਾਲ ਵਿੱਤੀ ਸਾਲ ਦੇ ਫਾਈਲਰ ਵੀ 15 ਜੁਲਾਈ 2020 ਦੇ ਐਕਸਟੈਂਸ਼ਨ ਲਈ ਯੋਗ ਹਨ।

# ਕੈਪਟਨ ਸਰਕਾਰ ਦਾ ਤਿੰਨ ਸਾਲ ਦਾ ਰਿਪੋਰਟ ਕਾਰਡ



ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ

ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੀ ਸੱਤਾ ਸੰਭਾਲੇ ਨੂੰ ਤਿੰਨ ਸਾਲ ਪੂਰੇ ਹੋ ਚੁੱਕੇ ਹਨ। 16 ਮਾਰਚ 2017 ਨੂੰ ਉਨ੍ਹਾਂ ਨੇ ਦੂਜੀ ਵਾਰ ਪੰਜਾਬ ਦੀ ਸੱਤਾ ਸੰਭਾਲੀ ਸੀ। ਸੱਤਾ ਵਿਚ ਆਉਣ ਤੋਂ ਪਹਿਲਾਂ ਕੈਪਟਨ ਅੰਮਰਿਦਰ ਸਿੰਘ ਨੇ ਪੰਜਾਬ ਦੀ ਜਨਤਾ ਨਾਲ ਛੋਟੇ ਵੱਡੇ 161 ਵਾਅਦੇ ਕੀਤੇ ਸਨ। ਇਹ ਵਾਅਦੇ ਕਿੰਨੇ ਵਫ਼ਾ ਹੋਏ ਜਾਂ ਫਿਰ ਕੈਪਟਨ ਦੀ ਕਮਾਂਡ ਕਿੰਨੀ ਕੁ ਸਫਲ ਰਹੀ ਇਹ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਹੀ ਦੱਸਣਗੀਆਂ। ਜਿਹੜੇ ਮੁੱਖ ਵਾਅਦਿਆਂ ਦੇ ਦਮ ’ਤੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਦਾ ਭਰੋਸਾ ਜਿੱਤਿਆ ਸੀ, ਉਨ੍ਹਾ ਵਾਅਦਿਆਂ ਦੀ ਕਤਾਰ ਇਸ ਪ੍ਰਕਾਰ ਹੈ।

### ਬੇਅਦਬੀ ਅਤੇ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਦਾ ਵਾਅਦਾ

ਕੈਪਟਨ ਸਰਕਾਰ ਨੇ 2017 ਦੀਆਂ ਵਿਧਾਨਸਭਾ ਚੋਣਾਂ ਦੌਰਾਨ ਇਕ ਵੱਡਾ ਵਾਅਦਾ ਕੀਤਾ ਸੀ ਕਿ ਉਹ ਬੇਅਦਬੀ ਅਤੇ ਬਹਿਬਲਕਲਾਂ, ਕੋਰਟਕਪੂਰਾ ਗੋਲੀਕਾਂਡ ਦੋਸ਼ੀਆਂ ਖਿਲਾਫ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਣਗੇ। ਇਸ ਦੇ ਤਹਿਤ ਹੀ ਕੈਪਟਨ ਸਰਕਾਰ ਨੇ ਰਿਟਾਇਰ ਜਸਟਿਸ ਰਣਜੀਤ ਸਿੰਘ ਦੀ ਅਗਵਾਈ ਵਿਚ ਕਮਿਸ਼ਨ ਦਾ ਗਠਨ ਕੀਤਾ। ਇਸ ਕਮਿਸ਼ਨ ਦੀ ਰਿਪੋਰਟ ’ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋ ਸਕੀ। ਇਸ ਤੋਂ ਬਾਅਦ ਇਨ੍ਹਾਂ ਮਾਮਲਿਆਂ ਦੀ ਤਹਿ ਤੱਕ ਪੁੱਜਣ ਲਈ ’ਸਿੱਟ’ ਦਾ ਗਠਨ ਕੀਤਾ ਗਿਆ। ਤਰਾਸਦੀ ਇਹ ਰਹੀ ਕਿ ਸਿੱਟ ਦੇ ਗਠਨ ਤੋਂ ਬਾਅਦ ਵੀ ਕਾਰਵਾਈ ਕਿਸੇ ਅੰਜਾਮ ਤੱਕ ਨਹੀਂ ਪੁੱਜ ਸਕੀ। ਇਸ ਦੇ ਉਲਟ ਸਰਕਾਰ ਅਤੇ ਸੀ. ਬੀ. ਆਈ. ਆਪਸ ਵਿਚ ਹੀ ਉਲਝ ਕੇ ਰਹਿ ਗਏ, ਜਿਸ ਕਾਰਨ ਇਹ ਮਾਮਲਾ ਪਹਿਲਾਂ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਦੇ ਚੱਕਰ ਕੱਟ ਰਿਹਾ ਹੈ।

### ਨਸ਼ਿਆਂ ਨੂੰ ਖਤਮ ਕਰਨ ਦਾ ਵਾਅਦਾ

ਚੋਣਾਂ ਦੌਰਾਨ ਕੈਪਟਨ ਅੰਮਰਿਦਰ ਸਿੰਘ ਨੇ ਪੰਜਾਬ ਵਾਸੀਆਂ ਨਾਲ ਨਸ਼ਿਆਂ ਦੇ ਖ਼ਾਤਮੇ ਅਤੇ ਨੈਟਵਰਕ ਦਾ ਲੱਕ ਤੋੜਨ ਲਈ ਦੂਜਾ ਵੱਡਾ ਵਾਅਦਾ ਕੀਤਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਹੱਥ ਵਿੱਚ ਫੜਕੇ ਸਹੁੰ ਖਾਧੀ ਸੀ ਕੀ ਉਹ 4 ਹਫ਼ਤਿਆਂ ਦੇ ਅੰਦਰ ਨਸ਼ਿਆਂ ਦਾ ਲੱਕ ਤੋੜ ਦੇਣਗੇ ਪਰ ਇਸ ਮੁੱਦੇ ਨੂੰ ਲੈ ਕੇ ਵੀ ਉਹ ਵਿਰੋਧੀਆਂ ਦੇ ਨਿਸ਼ਾਨੇ ’ਤੇ ਹਨ। ਇੱਥੇ ਹੀ ਬੱਸ ਨਹੀਂ ਕੈਪਟਨ ਦੀ ਆਪਣੀ ਫੌਜ ਦੇ ਆਗੂ ਵੀ ਆਪਣੇ ਕਪਤਾਨ ਨੂੰ ਅੱਖਾਂ ਦਿਖਾ ਰਹੇ ਹਨ ਅਤੇ ਸਿਸਟਮ ਦੇ ਵਿਚ ਕਾਲ਼ੀਆਂ ਭੇਡਾਂ ਦੀ ਗੱਲ ਕਰ ਰਹੇ ਹਨ। ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਏ. ਡੀ. ਜੀ. ਪੀ. ਹਰਪ੍ਰੀਤ ਸਿੱਧੂ ਦੀ ਅਗਵਾਈ ਵਿਚ ਐੱਸ.ਟੀ. ਐੱਫ. ਦਾ ਗਠਨ ਕੀਤਾ ਸੀ। ਡਰੱਗ ਨੂੰ ਲੈ ਕੇ ਰਿਪੋਰਟ ਹਾਈਕੋਰਟ ਵਿੱਚ ਪੇਸ਼ ਕੀਤੀ ਗਈ ਤਾਂ ਮਾਮਲਾ ਭੱਖ ਗਿਆ। ਕੈਪਟਨ ਨੇ ਏ. ਡੀ. ਜੀ. ਪੀ. ਹਰਪ੍ਰੀਤ ਸਿੱਧੂ ਨੂੰ ਐੱਸ.ਟੀ. ਐੱਫ ਚੀਫ਼ ਦੇ ਅਹੁਦੇ ਤੋਂ ਹਟਾ ਦਿੱਤਾ ਅਤੇ ਡੀ. ਜੀ. ਪੀ. ਮੁਹੰਮਦ ਮੁਸਤਫ਼ਾ ਨੂੰ ਐੱਸ.ਟੀ. ਐੱਫ. ਚੀਫ ਬਣਾ ਦਿੱਤਾ ਗਿਆ। ਕੈਪਟਨ ਦਾ ਇਹ ਪੈਂਤੜਾ ਵੀ ਉਨ੍ਹਾਂ ਦੇ ਉਲਟ ਭੁਗਤਿਆ ਅਤੇ ਡੀ. ਜੀ. ਪੀ. ਮੁਹੰਮਦ ਮੁਸਤਫ਼ਾ ਦੀ ਨਿਯੁਕਤੀ ’ਤੇ ਵਿਵਾਦ ਖੜ੍ਹਾ ਹੋ ਗਿਆ। ਇਸ ਤੋਂ ਬਾਅਦ ਹਰਪ੍ਰੀਤ ਸਿੰਘ ਸਿੱਧੂ ਨੂੰ ਮੁੜ ਐੱਸ. ਟੀ. ਐੱਫ. ਚੀਫ਼ ਬਣਾ ਦਿੱਤਾ ਗਿਆ। ਇਸ ਤਰ੍ਹਾਂ ਨਸ਼ਿਆਂ ਦਾ ਲੱਕ ਤੋੜਨ ਵਾਲਾ ਮਾਮਲਾ ਵੀ ਕਾਰਵਾਈ ਅਤੇ ਅੰਜਾਮ ਵੱਲ ਘੱਟ ਵਧਿਆ ਪਰ ਨਿਯੁਕਤੀਆਂ ਵਿਚ ਵਧੇਰੇ ਉਲਝਿਆ ਰਿਹਾ।



### ਕਿਸਾਨ ਕਰਜਾ ਮੁਆਫੀ ਦਾ ਵਾਅਦਾ

ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਰਜੇ ਵਿਚ ਡੁੱਬੇ ਪੰਜਾਬ ਦੇ ਕਿਸਾਨਾਂ ਨਾਲ ਵੀ ਵੱਡੇ ਵਾਅਦੇ ਕੀਤੇ ਸਨ। ਇਸ ਦੇ ਤਹਿਤ ਕੈਪਟਨ ਸਰਕਾਰ ਨੇ ਨਾਅਰਾ ਦਿੱਤਾ ਸੀ ’ਕਰਜ਼ਾ ਕੁਰਕੀ ਖ਼ਤਮ, ਫਸਲ ਦੀ ਪੂਰੀ ਰਕਮ’। ਇਸ ਵਾਅਦੇ ਦੇ ਤਹਿਤ ਉਨ੍ਹਾਂ ਕਿਹਾ ਸੀ ਸੂਬੇ ਦੇ ਸਾਰੇ ਕਿਸਾਨਾਂ ਦਾ ਹਰ ਤਰ੍ਹਾਂ ਦਾ ਕਰਜ਼ਾ ਮੁਆਫ ਕੀਤਾ ਜਾਵੇਗਾ ਪਰ ਵਜ਼ਾਰਤ ਵਿੱਚ ਆਉਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸੂਬੇ ਦੇ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੀ ਥਾਂ ਸਿਰਫ਼ 10 ਲੱਖ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਨੂੰ ਆਪਣਾ ਏਜੰਡਾ ਬਣਾਇਆ। ਸਰਕਾਰ ਨੇ 2 ਤੋਂ 5 ਏਕੜ ਤੱਕ ਦੇ ਕਿਸਾਨਾਂ ਦਾ 2 ਲੱਖ ਤੱਕ ਦਾ ਕਰਜ਼ਾ ਮਾਫ ਕਰਨ ਲਈ ਹੰਭਲਾ ਮਾਰਿਆ ਪਰ ਤਿੰਨ ਸਾਲ ਬੀਤ ਜਾਣ ਦੇ ਬਾਅਦ ਪੰਜਾਬ ਸਰਕਾਰ ਸਿਰਫ਼ 4400 ਕਰੋੜ ਦਾ ਕਰਜ਼ਾ ਹੀ ਮੁਆਫ ਕਰ ਸਕੀ ਹੈ। ਕੈਪਟਨ ਅੰਮਰਿਦਰ ਸਿੰਘ ਦੇ ਵਾਅਦੇ ਮੁਤਾਬਿਕ ਇਹ ਸਿਰਫ 47 ਫੀਸਦੀ ਹੀ ਹੈ।

### ਟਰਾਂਸਪੋਰਟ ਮਾਫੀਆਂ ਨੂੰ ਨੱਥ ਪਾਉਣ ਦਾ ਵਾਅਦਾ

ਸੱਤਾ ਵਿਚ ਆਉਣ ਤੋਂ ਪਹਿਲਾਂ ਕੈਪਟਨ ਸਰਕਾਰ ਨੇ ਸੂਬੇ ਦੀ ਜਨਤਾ ਨਾਲ ਟਰਾਂਸਪੋਰਟ ਮਾਫੀਆ ਨੂੰ ਨੱਥ ਪਾਉਣ ਦਾ ਵੱਡਾ ਵਾਅਦਾ ਕੀਤਾ ਸੀ। ਚੋਣ ਪ੍ਰਚਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਟਰਾਂਸਪੋਰਟ ਮਾਫੀਆ ਨੂੰ ਅਕਾਲੀ ਭਾਜਪਾ ਦੀ ਪੈਦਾਇਸ਼ ਦੱਸਦਿਆਂ ਇਸ ਨੂੰ ਖੁੱਡੇ ਲਾਉਣ ਦੀ ਗੱਲ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਦੇ ਇਸ ਵਾਅਦੇ ਮੁਤਾਬਕ ਟਰਾਂਸਪੋਰਟ ਮਾਫ਼ੀਆ ਨੂੰ ਨੱਥ ਪੈਣਾ ਤਾਂ ਦੂਰ ਦੀ ਗੱਲ ਉਲਟਾ ਇਸ ਨੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕੀਤੀ ਹੈ। ਇਸ ਗੱਲ ਨੂੰ ਲੈ ਕੇ ਇਕੱਲੀਆਂ ਵਿਰੋਧੀ ਧਿਰਾਂ ਹੀ ਰੌਲਾ-ਰੱਪਾ ਨਹੀਂ ਪਾ ਰਹੀਆਂ ਬਲਕਿ ਕੈਪਟਨ ਦੇ ਆਪਣੇ ਮੰਤਰੀ ਵੀ ਚੀਕਾਂ ਮਾਰ ਰਹੇ ਹਨ। ਬੀਤੇ ਵਿਧਾਨਸਭਾ ਸੈਸ਼ਨ ਦੇ ਸਿਫਰ ਕਾਲ ਦੌਰਾਨ ਕਾਂਗਰਸ ਦੇ ਆਪਣੇ ਵਿਧਾਇਕ ਰਾਜਾ ਵੜਿੰਗ ਨੇ ਇਸ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਚੁੱਕਿਆ। ਉਸਨੇ ਕਿਹਾ ਸਰਕਾਰ ਨੂੰ ਸੱਤਾ ਸੰਭਾਲੇ ਨੂੰ ਤਿੰਨ ਸਾਲ ਹੋ ਗਏ ਪਰ ਟਰਾਂਸਪੋਰਟ ਮਾਫੀਆ ਖਿਲਾਫ ਅੱਜ ਤੱਕ ਕੋਈ ਪਾਲਿਸੀ ਨਹੀਂ ਬਣ ਸਕੀ। ਇਸ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦੀ ਨਿਯੁਕਤੀ ਅਤੇ ਧਾਂਦਲੀਆਂ ਦਾ ਮੁੱਦਾ ਵੀ ਵਿਧਾਨ ਸਭਾ ਵਿਚ ਜ਼ੋਰ-ਸ਼ੋਰ ਨਾਲ ਗੂੰਜਿਆ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਕੁਲਬੀਰ ਜੀਰਾ ਨੇ ਵੀ ਆਪਣੀ ਹੀ ਸਰਕਾਰ ਨੂੰ ਘੇਰਦੇ ਹੋਏ ਵਿਧਾਨ ਸਭਾ ਵਿਚ ਟਰਾਂਸਪੋਰਟ ਵਿਭਾਗ ਨੂੰ ਘੇਰਿਆ।

ਕੈਪਟਨ ਸਰਕਾਰ ਦੀ ਕੈਬਨਿਟ ਨੇ ਸੱਤਾ ਸੰਭਾਲ-ਦਿਆਂ ਹੀ ਟਰਾਂਸਪੋਰਟ ਪਾਲਿਸੀ ਨੇ ਨਵੇਂ ਬਿੱਲ ਨੂੰ ਮਨਜ਼ੂਰੀ ਦਿੱਤੀ ਸੀ, ਜੋ ਕਿ ਅੱਜ ਤੱਕ ਹੋਂਦ ਵਿਚ ਨਹੀਂ ਆ ਸਕਿਆ। ਇਸ ਅਨੁਸਾਰ ਵੱਖ-ਵੱਖ ਰੂਟਾਂ ’ਤੇ ਚੱਲ ਰਹੀਆਂ ਸਾਰੀਆਂ ਵੱਡੀਆਂ ਅਤੇ ਛੋਟੀਆਂ 12ਹਜ਼ਾਰ 210 ਬੱਸਾਂ ਦੇ ਪਰਮਿਟ ਰੱਦ ਕਰਕੇ ਨਵੇਂ ਸਿਰਿਓਂ ਜ਼ਾਰੀ ਕੀਤੇ ਜਾਣੇ ਸਨ। ਇਸ ਤੋਂ ਇਲਾਵਾ ਵਿਜੀਲੈਂਸ ਵਿਭਾਗ ਅਤੇ ਸੂਬਾ ਪੁਲਸ ਦੀ ਇਕ ਵਿਸ਼ੇਸ਼ ਟਾਸਕ ਫੋਰਸ ਸਥਾਪਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਸੀ, ਜਿਸਦਾ ਮੁੱਖ ਕਾਰਜ ਸਾਰੀਆਂ ਨਾਜਾਇਜ਼ ਬੱਸਾਂ ਦੀ ਨਿਸ਼ਾਨਦੇਹੀ ਕਰਨਾ ਅਤੇ ਉਨ੍ਹਾਂ ਨੂੰ ਬੰਦ ਕਰਨ ਹਿੱਤ ਕਾਰਵਾਈ ਕਰਨਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਪਾਲਿਸੀ ਅੱਜ ਤੱਕ ਲਾਗੂ ਨਹੀਂ ਨਹੀਂ ਹੋ ਸਕੀ।

### ਸਮਾਰਟ ਫੋਨ ਦੇਣ ਦਾ ਵਾਅਦਾ

ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਨੌਜਵਾਨਾਂ ਨਾਲ ਵੀ ਇਕ ਵੱਡਾ ਵਾਅਦਾ ਕੀਤਾ ਸੀ, ਜਿਸ ਦੇ ਤਹਿਤ ਨੌਜਵਾਨਾਂ ਨੂੰ ਮੁਫਤ ਸਮਾਰਟ ਫੋਨ ਦਿੱਤੇ ਜਾਣੇ ਸਨ। ਕੈਪਟਨ ਅਮਰਿੰਦਰ ਸਿੰਘ ਨੇ ਇਸਦੀ ਜਾਣਕਾਰੀ ਦੇਣ ਲਈ ਬਕਾਇਦਾ ਇੱਕ ਪ੍ਰੋਗਰਾਮ ਕਰਵਾਇਆ ਸੀ, ਜਿਸ ਵਿਚ ਉਨ੍ਹਾਂ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਇਕੱਠ ਕੀਤਾ ਸੀ।

ਪ੍ਰੋਗਰਾਮ ਵਿਚ ਉਨ੍ਹਾਂ ਕਿਹਾ ਕਿ ਵਧਦੀ ਤਕਨੀਕ ਅਤੇ ਤੇਜ਼ੀ ਨਾਲ ਹੋ ਰਹੇ ਡਿਜੀਟਲ ਵਿਕਾਸ ਨੂੰ ਦੇਖਦਿਆ ਅਸੀਂ ਫ਼ੈਸਲਾ ਲਿਆ ਹੈ ਕਿ ਅਸੀਂ ਨੌਜਵਾਨਾਂ ਨੂੰ ਫੂਲੀ-ਲੋਡਡ ਸਮਾਰਟ ਫ਼ੋਨ ਦੇਵਾਂਗੇ। ਸਮਾਰਟ ਫ਼ੋਨ ਦੇ ਨਾਲ ਅਸੀਂ ਉਨ੍ਹਾਂ ਨੂੰ ਇਕ ਸਾਲ ਲਈ ਮੁਫ਼ਤ ਕਾਲਿੰਗ ਅਤੇ 3ਘ ਡਾਟਾ ਵੀ ਦੇਵਾਂਗੇ। ਉਨ੍ਹਾਂ ਨੇ ਕਿਹਾ ਸੀ ਅਗਲੇ 5 ਸਾਲਾਂ ਵਿਚ 50 ਲੱਖ ਨੌਜਵਾਨਾਂ ਨੂੰ ਸਮਾਰਟ ਫ਼ੋਨ ਵੰਡੇ ਜਾਣਗੇ। ਸਰਕਾਰ ਨੇ ਇਹ ਦਾਅਵਾ ਵੀ ਕੀਤਾ ਸੀ ਕਿ ਇਸ ਸਕੀਮ ਤਹਿਤ 20 ਲੱਖ ਤੋਂ ਵੱਧ ਨੌਜਵਾਨਾਂ ਵੱਲੋਂ ਫਾਰਮ ਭਰੇ ਗਏ ਸਨ। ਇਸ ਵਾਅਦੇ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਸੋਸ਼ਲ ਮੀਡੀਆ ’ਤੇ ਅਕਸਰ ਟਰੋਲ ਹੁੰਦੇ ਹਨ। ਇਸ ਨੂੰ ਲੈ ਕੇ ਉਨ੍ਹਾਂ ਦੇ ਵਿਰੋਧੀ ਵਿਧਾਨ ਸਭਾ ਵਿਚ ਵੀ ਉਨ੍ਹਾਂ ਦਾ ਅਨੇਕਾਂ ਵਾਰ ਮਜਾਕ ਉਡਾ ਚੁੱਕੇ ਹਨ।

### ਕਈ ਹੋਰ ਵੱਡੇ ਵਆਦੇ

ਇਨ੍ਹਾਂ ਵਾਅਦਿਆਂ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਜਨਤਾ ਨਾਲ ਕਈ ਹੋਰ ਵੱਡੇ ਵਾਅਦੇ ਵੀ ਕੀਤੇ ਸਨ। ਇਨ੍ਹਾਂ ਵਾਅਦਿਆਂ ਵਿਚ ਸਸਤੀ ਬਿਜਲੀ, ਹਰ ਘਰ ਨੌਕਰੀ, ਮਾਈਨਿੰਗ ਮਾਫੀਆ ਖਿਲਾਫ ਕਾਰਵਾਈ ਕਰਨ ਦਾ ਵਾਅਦਾ ਮੁੱਖ ਤੌਰ ’ਤੇ ਸ਼ਾਮਲ ਹੈ।

ਪਿਛਲੇ ਸਮੇਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਚਿੱਠੀ ਲਿਖ ਕੇ ਜਾਣਕਾਰੀ ਦਿੱਤੀ ਸੀ ਕਿ ਉਨ੍ਹਾਂ ਨੇ ਪੰਜਾਬ ਦੀ ਜਨਤਾ ਨਾਲ ਕੀਤੇ 161 ਵਾਅਦਿਆਂ ਵਿਚ 140 ਵਾਅਦੇ ਪੂਰੇ ਕਰ ਲਏ ਹਨ। ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੀ ਟੀਮ ਭਾਵੇਂ ਕਿ ਇਨ੍ਹਾਂ ਸਾਰੇ ਵਾਅਦਿਆਂ ’ਤੇ ਕੀਤੀ ਕਾਰਵਾਈ ਨੂੰ ਆਪਣੀਆਂ ਵੱਡੀਆਂ ਉ-ਪਲੱਭਦੀਆਂ ਵਜੋਂ ਗਿਣਾਉਂਦੇ ਹਨ ਪਰ ਸੱਚ ਕੀ ਇਸ ਗੱਲ ਦਾ ਫੈਸਲਾ ਤਾਂ ਪੰਜਾਬ ਦੀ ਜਨਤਾ ਹੀ ਕਰੇਗੀ।




## ਜੀ.ਐਚ.ਜੀ.ਅਕੈਡਮੀ ਫਰਿਜ਼ਨੋ ਵੱਲੋਂ 21 ਮਾਰਚ ਨੂੰ ਹੋਣ ਵਾਲਾ ਵਿਰਾਸਤੀ ਖੇਡ ਮੇਲਾ ਮੁਲਤਵੀ

**ਫਰਿਜ਼ਨੋ (ਪ੍ਰਮਜੀਤ ਸਿੰਘ ਧਾਲੀਵਾਲ)–** ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਦੇ ਬੋਰਡ ਮੈਂਬਰਾਂ ਦੀ ਮੀਟਿੰਗ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਹੋਈ, ਜਿਸ ਵਿਚ ਆਉਣ ਵਾਲੀ 21 ਮਾਰਚ 2020 ਨੂੰ ਹੋਣ ਵਾਲੇ ਵਿਰਾਸਤੀ ਖੇਡ ਮੇਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਵਿਰਾਸਤੀ ਖੇਡ ਮੇਲਾ ਮੁਲਤਵੀ ਕਰ ਦਿੱਤਾ ਜਾਵੇ।

ਇਹ ਫੈਸਲਾ ਮੌਜੂਦਾ ਹਾਲਾਤ ਜੋ ਦੁਨੀਆਂ ਭਰ ਵਿਚ ਕੋਰੋਨਾ ਵਾਇਰਸ ਕਾਰਨ ਬਣੇ ਹੋਏ ਹਨ, ਨੂੰ ਮੁੱਖ ਰੱਖਦੇ ਹੋਏ ਕੀਤਾ ਗਿਆ। ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਖ਼ਬਰ ਨੂੰ ਆਪਣੇ ਸਮੂਹ ਸਕੇ ਸਬੰਧੀਆਂ ਤੱਕ ਪਹੁੰਚਾ ਦੇਣਾ। ਹਾਲਾਤ ਵਿਚ ਸੁਧਾਰ ਹੋਣ ਤੋਂ ਬਾਅਦ ਫਿਰ ਦੁਬਾਰਾ ਵਿਚਾਰ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ: ਪ੍ਰਮਜੀਤ ਸਿੰਘ ਧਾਲੀਵਾਲ 559-351-9465, ਗੁਰਦੀਪ ਸਿੰਘ ਸ਼ੇਰਗਿੱਲ 559-349-1481

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com www.ambedkartimes.com

# ਕਰੋਨਾ ਵਾਇਰਸ ਸੰਕਟ ਕਾਰਨ ਪ੍ਰੋਗਰਾਮ ਮੁਲਤਵੀ

ਅਦਾਰਾ ਦੇਸ਼ ਦੁਆਬਾ ਨੂੰ ਮਿਲੀਆਂ ਸੂਚਨਾਵਾਂ ਅਨੁਸਾਰ ਜਿਹਨਾਂ ਨੇ ਪਿਛਲੇ ਹਫਤੇ ਆਪੋ-ਆਪਣੀਆਂ ਸਭਾਵਾਂ ਦੇ ਪ੍ਰੋਗਰਾਮਾਂ ਦੇ ਇਸ਼ਤਿਹਾਰ ਲਗਾਏ ਸਨ, ਜਿਹਨਾਂ ਵਿਚ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ (ਕੈਲੇਫੋਰਨੀਆ) ਨੇ ਕਰੋਨਾ ਵਾਇਰਸ ਸੰਕਟ ਅਤੇ ਸਰਕਾਰੀ ਹੁਕਮਾਂ ਨੂੰ ਮਾਨਵਤਾ ਦੇ ਭਲੇ ਹਿੱਤ ਰੱਖਦਿਆਂ ਉਲੀਕੇ ਪ੍ਰੋਗਰਾਮ ਤੁਰੰਤ ਰੱਦ ਕਰ ਦਿੰਤੇ ਹਨ, ਭਾਵ ਨਹੀਂ ਕੀਤੇ ਜਾਣਗੇ। ਸੋ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਚਰਨਾਂ 'ਚ ਸਮੂਹ ਸਭਾਵਾਂ ਵੱਲੋਂ ਸਨਿਮਰ ਬੇਨਤੀ ਹੈ ਕਿ ਸਾਨੂੰ ਮੁਆਫ ਕਰਨ ਤੇ ਵਾਹਿਗੁਰੂ ਦੀ ਅਪਾਰ ਕਿਰਪਾ ਨਾਲ ਅਗਲੇ ਪ੍ਰੋਗਰਾਮਾਂ ਲਈ ਫਿਰ ਸੂਚਿਤ ਕੀਤਾ ਜਾਵੇਗਾ ਜੀ।

ਵਾਹਿਗੁਰੂ ਆਪ ਸਭ ਨੂੰ ਸਮੂਹ ਵਿਸ਼ਵ ਨੂੰ ਇਸ ਭਿਆਨਕ ਸੰਕਟ 'ਚੋਂ ਬਚਾਅ ਕੇ ਰੱਖੇ ਅਤੇ ਆਪ ਸਭ ਨੇ ਗੁਰ ਮਰਿਆਦਾ 'ਚ ਰਹਿਣਾ ਹੈ ਤੇ ਸਿਹਤ ਸਭਾਵਾਂ/ ਸਰਕਾਰੀ ਹੁਕਮਾਂ ਦਾ ਪਾਲਣ ਵੀ ਕਰਨਾ ਹੈ ਜੀ। ਸਭ ਦੇ ਭਲੇ ਹਿੱਤ ਹੀ ਕੀਤਾ ਜਾ ਰਿਹਾ ਹੈ।

## 29 ਮਾਰਚ ਨੂੰ ਫਰਿਜ਼ਨੋ ਵਿਚ ਹੋਣ ਵਾਲਾ, ਗਦਰੀ ਬਾਬਿਆ ਦਾ ਮੇਲਾ ਮੁਲਤਵੀ

**ਫਰਿਜ਼ਨੋ –** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੀ ਇਕ ਹੰਗਾਮੀ ਮੀਟਿੰਗ ਫਰਿਜ਼ਨੋ ਵਿਚ ਹੋਈ। ਇਸ ਮੀਟਿੰਗ ਵਿਚ ਕਰੋਨਾ ਵਾਇਰਸ ਦੇ ਪਰਕੋਪ ਦੇ ਚਲਦਿਆਂ, ਸਟੇਟ ਆਫ ਕੈਲੇਫੋਰਨੀਆਂ ਵਲੋਂ 250 ਬੰਦਿਆਂ ਤੋਂ ਵੱਧ ਤੇ ਲਾਈ ਪਾਬੰਦੀ ਅਤੇ ਹੋਰਾਂ ਮਾਹਰਾਂ ਅਤੇ ਸਰਕਾਰੀ ਅਦਾਰਿਆਂ ਦੀਆਂ ਹਦਾਇਤਾ ਦਾ ਧਿਆਨ ਕਰਦਿਆਂ, ਫੋਰਮ ਨੇ 29 ਮਾਰਚ ਨੂੰ ਫਰਿਜਨੋ ਵਿਚ ਹੋਣ ਵਾਲਾ 20 ਵਾਂ ਗਦਰੀ ਬਾਬਿਆ ਦਾ ਮੇਲਾ ਮੁਲਤਵੀ ਕਰ ਦਿਤਾ ਹੈ। ਮੀਟਿੰਗ ਨੇ ਆਸ ਪਰਗਟ ਕੀਤੀ ਕਿ ਸੰਸਾਰ ਡਾਕਟਰੀ ਮਾਹਰਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਛੇਤੀ ਹੀ ਇਸ ਵਾਇਰਸ ਤੇ ਕਾਬੂ ਪਾ ਲਏਗਾ ਅਤੇ ਅਸੀਂ ਆਉਣ ਵਾਲੇ ਸਮੇਂ ਵਿਚ ਇਸ ਮੇਲੇ ਅਤੇ ਹੋਰ ਭਵਿਖ ਦੇ ਪਰੋਗਰਾਮਾਂ ਨੂੰ ਵਿਚਾਰਾਂਗੇ। ਸਮੂਹ ਮੈਂਬਰਾਂ ਨੇ ਇਸ ਗੱਲ ਤੇ ਸਹਿਮਤੀ ਪਰਗਟ ਕੀਤੀ ਕਿ ਫੋਰਮ ਇਸ ਨਵੀਂ ਬੀਮਾਰੀ ਦੇ ਫੈਲਾਅ ਨੂੰ ਘਟ ਕਰਨ ਲਈ ਆਪਣਾ ਹਰ ਤਰਾਂ ਦਾ ਯੋਗਦਾਨ ਦੇਵੇਗਾ। ਇਸ ਮੇਲੇ ਦੀ ਤਿਆਰੀ ਲਈ ਹੁਣ ਤੱਕ ਮਿਲੇ ਲੋਕਾਂ ਦੇ ਭਰਪੂਰ ਸਾਥ ਲਈ ਆਪਣੇ ਸਾਰੇ ਸਪਾਂਸਰਾ ਅਤੇ ਸਹਿਯੋਗੀਆ ਦਾ ਧੰਨਵਾਦ ਕੀਤਾ। ਫੋਰਮ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਮਾਹਰਾਂ ਦੀਆਂ ਸਲਾਹਾਂ ਨੂੰ ਸੁਣਨ ਅਤੇ ਮੰਨ ਕੇ ਆਪਣੇ ਆਪ ਨੂੰ ਅਤੇ ਦੂਜੇ ਲੋਕਾਂ ਨੂੰ ਸੇਹਤਮੰਦ ਰੱਖਣ ਲਈ ਆਪਣਾ ਹਰ ਤਰਾਂ ਦਾ ਸਹਿਯੋਗ ਦੇਣ। ਫੋਰਮ ਨੇ ਲੋਕਾਂ ਨੂੰ ਇਸ ਨਾਜਕ ਵਕਤ ਤੇ ਹਰ ਤਰਾਂ ਦੀਆਂ ਅਫਵਾਹਾਂ ਅਤੇ ਨੀਮ ਹਕੀਮਾਂ ਦੀਆਂ ਸਲਾਹਾਂ ਤੋਂ ਪਰੇ ਰਹਿਣ ਦੀ ਬੇਨਤੀ ਕੀਤੀ ਹੈ, ਤਾਂ ਕੇ ਅਸੀਂ ਛੇਤੀ ਤੋਂ ਛੇਤੀ ਇਸ ਸੰਸਾਰ ਵਿਆਪੀ ਅਲਾਮਤ ਤੋਂ ਛੁਟਕਾਰਾ ਪਾ ਸਕੀਏ।

# ਕੋਰੋਨਾ ਵਾਇਰਸ 'ਤੇ ਚੀਨ ਅਤੇ ਅਮਰੀਕਾ 'ਚ ਤਲਖੀ ਵਧੀ

**ਵਾਸ਼ਿੰਗਟਨ–** ਕੋਰੋਨਾ ਵਾਇਰਸ ਦੇ ਫੈਲਣ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚ ਤਲਖੀ ਹੋਰ ਵੱਧ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਵਾਇਰਸ ਨੂੰ 'ਚੀਨੀ ਵਾਇਰਸ' ਕਹੇ ਜਾਣ ਪਿੱਛੋਂ ਦੋਵਾਂ ਦੇਸ਼ਾਂ ਨੇ ਇਕ-ਦੂਜੇ ਤੋਂ ਆਧਾਰਹੀਣ ਦੋਸ਼ ਨਾ ਲਗਾਉਣ ਦੀ ਮੰਗ ਕੀਤੀ। ਕੁਝ ਦਿਨ ਪਹਿਲੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਇਕ ਟਵੀਟ ਵਿਚ ਕਿਹਾ ਸੀ ਕਿ ਹੋ ਸਕਦਾ ਹੈ ਕਿ ਅਮਰੀਕੀ ਫ਼ੌਜ ਵੁਹਾਨ ਵਿਚ ਇਹ ਵਾਇਰਸ ਲਿਆਈ ਸੀ। ਇਸ ਦੇ ਜਵਾਬ ਵਿਚ ਅਮਰੀਕੀ ਵਿਦੇਸ਼ ਮੰਤਰਾਲੇ ਨੇ ਚੀਨ ਦੇ ਰਾਜਦੂਤ ਨੂੰ ਤਲਬ ਕਰ ਕੇ ਸਖ਼ਤ ਵਿਰੋਧ ਦਰਜ ਕਰਵਾਇਆ ਸੀ।

ਇਸ ਵਿਵਾਦ ਦੀ ਹਵਾ ਤਦ ਮਿਲੀ ਜਦੋਂ ਸੋਮਵਾਰ ਨੂੰ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਨੇ ਇਹ ਜਾਣਕਾਰੀ ਦਿੱਤੀ ਕਿ ਮਹਾਮਾਰੀ ਨਾਲ ਵਿਸ਼ਵ ਭਰ ਵਿਚ ਜਾਨ ਗੁਆਉਣ ਵਾਲਿਆਂ ਦੀ ਗਿਣਤੀ ਚੀਨ ਤੋਂ ਜ਼ਿਆਦਾ ਹੋ ਗਈ ਹੈ। ਇਸ ਪਿੱਛੋਂ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਚੀਨ ਦੇ ਚੋਟੀ ਦੇ ਅਧਿਕਾਰੀ ਯਾਂਗ ਜਿਏਚੀ ਨੂੰ ਫੋਨ ਕਰ ਕੇ ਕੋਰੋਨਾ ਦੇ ਇਨਫੈਕਸ਼ਨ ਨੂੰ ਲੈ ਕੇ ਅਮਰੀਕਾ 'ਤੇ ਦੋਸ਼ ਨਾ ਮੜ੍ਹਨ ਦੀ ਅਪੀਲ ਕੀਤੀ। ਪੌਂਪੀਓ ਨੇ ਕਿਹਾ ਕਿ ਇਹ ਅਫ਼ਵਾਹ ਫੈਲਾਉਣ ਦਾ ਸਮਾਂ ਨਹੀਂ ਹੈ। ਇਸ ਸਮੇਂ ਸਾਰੇ ਦੇਸ਼ਾਂ ਨੂੰ ਮਿਲ ਕੇ ਇਸ ਵਿਸ਼ਵ ਪੱਧਰੀ ਮਹਾਮਾਰੀ ਨਾਲ ਲੜਨਾ ਚਾਹੀਦਾ ਹੈ।



ਇਸ 'ਤੇ ਚੀਨ ਵੱਲੋਂ ਯਾਂਗ ਨੇ ਅਮਰੀਕਾ ਨੂੰ ਸਖ਼ਤ ਚਿਤਾਵਨੀ ਦਿੱਤੀ ਕਿ ਦੇਸ਼ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਪਹੁੰਚਾਉਣ ਵਾਲੀ ਕਿਸੇ ਵੀ ਯੋਜਨਾ ਨੂੰ ਸਫਲ ਨਹੀਂ ਹੋਣ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਕੁਝ ਅਮਰੀਕੀ ਆਗੂ ਅਕਸਰ ਚੀਨ ਅਤੇ ਉਸ ਦੇ ਮਹਾਮਾਰੀ ਵਿਰੋਧੀ ਯਤਨਾਂ ਨੂੰ ਬਦਨਾਮ ਕਰਦੇ ਰਹਿੰਦੇ ਹਨ। ਇਸ ਤੋਂ ਚੀਨ ਦੇ ਲੋਕ ਬਹੁਤ ਨਾਰਾਜ਼ ਹਨ। ਉਨ੍ਹਾਂ ਨੇ ਅਮਰੀਕਾ ਤੋਂ ਚੀਨ ਖ਼ਿਲਾਫ਼ ਆਧਾਰਹੀਣ ਦੋਸ਼ ਨਾ ਲਗਾਉਣ ਦੀ ਅਪੀਲ ਵੀ ਕੀਤੀ। ਟਰੰਪ ਦੇ ਸਹਯੋਗੀ ਅਤੇ ਰਿਪਬਲਿਕਨ ਸੈਨੇਟਰ ਟਾਮ ਕਾਟਨ ਨੇ ਸਭ ਤੋਂ ਪਹਿਲੇ ਇਸ ਵਾਇਰਸ ਨੂੰ 'ਚੀਨੀ ਕੋਰੋਨਾ ਵਾਇਰਸ' ਕਿਹਾ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਸੀ ਕਿ ਦੁਨੀਆ ਨੂੰ ਇਸ ਪਰੇਸ਼ਾਨੀ ਵਿਚ ਪਾਉਣ ਵਾਲੇ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।

### ਟਰੰਪ ਦੇ ਬਿਆਨ ਨੂੰ ਆਲੋਚਕਾਂ ਨੇ ਨਸਲੀ ਦੱਸਿਆ

'ਚੀਨੀ ਵਾਇਰਸ' ਵਾਲੇ ਬਿਆਨ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਅਮਰੀਕਾ ਵਿਚ ਹੀ ਆਲੋਚਕਾਂ ਦੇ ਨਿਸ਼ਾਨੇ 'ਤੇ ਆ ਗਏ ਹਨ। ਉਨ੍ਹਾਂ ਨੇ ਟਰੰਪ ਦੇ ਇਸ ਕਦਮ ਨੂੰ ਨਸਲੀ ਕਰਾਰ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਵਿਚ ਏਸ਼ਿਆਈ-ਅਮਰੀਕੀ ਭਾਈਚਾਰੇ ਖ਼ਿਲਾਫ਼ ਮਾਹੌਲ ਖ਼ਰਾਬ ਹੋਵੇਗਾ। ਵਾਇਰਸ ਦੇ ਕਹਿਰ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਨਿਊਯਾਰਕ ਦੇ ਮੇਅਰ ਨੇ ਟਵੀਟ ਕੀਤਾ ਕਿ ਏਸ਼ਿਆਈ-ਅਮਰੀਕੀ ਭਾਈਚਾਰਾ ਪਹਿਲਾਂ ਤੋਂ ਹੀ ਪੀੜਤ ਹੈ, ਇਸ ਲਈ ਇਸ ਤਰ੍ਹਾਂ ਦੇ ਬਿਆਨ ਦੇ ਕੇ ਉਨ੍ਹਾਂ ਨੂੰ ਹੋਰ ਜ਼ਿਆਦਾ ਡਰਾਉਣ ਦੀ ਲੋੜ ਨਹੀਂ ਹੈ।






ਦੇਸ਼ ਦੁਆਬਾ

# ਕੋਰੋਨਾ ਨਾਲ ਦੁਨੀਆ ਦੀ ਲੜਾਈ

ਕੋਰੋਨਾ ਵਾਇਰਸ ਕਾਰਨ ਦੁਨੀਆ ਦੇ ਕਈ ਦੇਸ਼ਾਂ ’ਚ ਲੋਕ ਦਹਿਸ਼ਤ ’ਚ ਹਨ। ਚੀਨ ਤੋਂ ਸ਼ੁਰੂ ਹੋਏ ਇਸ ਵਾਇਰਸ ਦਾ ਅਸਰ 140 ਤੋਂ ਵੱਧ ਦੇਸ਼ਾਂ ’ਚ ਹੋਇਆ ਹੈ। ਚੀਨ ਤੋਂ ਬਾਅਦ ਸਭ ਤੋਂ ਜ਼ਿਆਦਾ ਜਾਨੀ ਨੁਕਸਾਨ ਇਟਲੀ ’ਚ ਹੋਇਆ ਹੈ ਜਿੱਥੇ ਪਿਛਲੇ 48 ਘੰਟਿਆਂ ਦੌਰਾਨ 717 ਮੌਤਾਂ ਹੋਈਆਂ ਹਨ। ਹਾਲੇ ਤਕ ਇਟਲੀ ’ਚ ਕੁੱਲ 2100 ਤੋਂ ਵੱਧ ਮੌਤਾਂ ਹੋਈਆਂ ਹਨ। ਪੂਰੀ ਦੁਨੀਆ ’ਚ ਕੋਰੋਨਾ ਕਾਰਨ ਸੱਤ ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਟਲੀ ਦੇ ਇਕ ਨਾਗਰਿਕ ਨੇ ਬੀਤੇ ਦਿਨਾਂ ਦੇ ਟਵੀਟ ਸਾਂਝੇ ਕਰਦਿਆਂ ਦੱਸਿਆ ਕਿ ਉੱਥੇ ਲੋਕਾਂ ਨੇ ਕੋਰੋਨਾ ਵਾਇਰਸ ਨੂੰ ਸ਼ੁਰੂਆਤ ’ਚ ਬਹੁਤ ਹੀ ਹਲਕੇ ਤਰੀਕੇ ਨਾਲ ਲਿਆ। 22 ਫਰਵਰੀ ਨੂੰ ਕੋਰੋਨਾ ਨਾਲ ਇਟਲੀ ’ਚ ਪਹਿਲੀ ਮੌਤ ਹੋਈ ਸੀ। ਕਈ ਮੌਤਾਂ ਹੋਣ ਦੇ ਬਾਵਜੂਦ ਉੱਥੇ ਲੋਕ ਇਕੱਠੇ ਹੁੰਦੇ ਰਹੇ। ਹੋਟਲ ਤੇ ਰੈਸਟੋਰੈਂਟ ਖੁੱਲ੍ਹੇ ਸਨ। ਇਹੀ ਕਾਰਨ ਹੈ ਕਿ ਇਟਲੀ ’ਚ ਚੀਨ ਤੋਂ ਜ਼ਿਆਦਾ ਤੇਜ਼ੀ ਨਾਲ ਵਾਇਰਸ ਫੈਲਿਆ ਹੈ। ਹੁਣ ਜੇ ਭਾਰਤ ਦੀ ਗੱਲ ਕਰੀਏ ਤਾਂ ਕੇਂਦਰ ਤੇ ਸੂਬਾ ਸਰਕਾਰਾਂ ਨੇ ਬਹੁਤ ਜਲਦੀ ਇਸ ਨੂੰ ਲੈ ਕੇ ਕੰਮ ਸ਼ੁਰੂ ਕਰ ਦਿੱਤਾ ਸੀ। ਹਵਾਈ ਅੱਡਿਆਂ ’ਤੇ ਦੇਸ਼ ਦੇ ਬਾਹਰੋਂ ਆਉਣ ਵਾਲੇ ਲੋਕਾਂ ਦੀ ਸਕ੍ਰੀਨਿੰਗ ਸ਼ੁਰੂ ਹੋ ਗਈ ਸੀ। ਕਈ ਯਾਤਰੀਆਂ ਦੀ ਤਾਂ ਘਰ ਜਾ ਕੇ ਸਿਹਤ ਜਾਂਚ ਕੀਤੀ ਗਈ। ਦੇਸ਼ ’ਚ ਹਾਲੇ ਤਕ ਕੋਰੋਨਾ ਕਰਕੇ ਤਿੰਨ ਮੌਤਾਂ ਹੋਈਆਂ ਹਨ। ਹਾਲਾਂਕਿ ਭਾਰਤ ਦੀ ਜਨਤਕ ਸਿਹਤ ਪ੍ਰਣਾਲੀ ’ਚ ਸੁਧਾਰ ਦੀ ਬਹੁਤ ਜ਼ਿਆਦਾ ਗੁੰਜਾਇਸ਼ ਹੈ। ਫਿਰ ਵੀ ਸਵਾਈਨ ਫਲੂ ਵਰਗੀ ਬਿਮਾਰੀ ਦਾ ਮੁਕਾਬਲਾ ਕਰਨ ’ਚ ਭਾਰਤ ਦਾ ਰਿਕਾਰਡ ਕਾਫ਼ੀ ਚੰਗਾ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਭਾਰਤ ਦੁਨੀਆ ਦੇ ਅਜਿਹੇ ਪਹਿਲੇ ਦੇਸ਼ਾਂ ’ਚ ਸ਼ਾਮਲ ਹੈ ਜੋ ਕੋਰੋਨਾ ਵਾਇਰਸ ਦੇ ਪ੍ਰਕੋਪ ਨਾਲ ਨਜਿੱਠਣ ਲਈ ਤਿਆਰ ਹਨ।

ਸਿਹਤ ਕਰਮਚਾਰੀਆਂ ਨੂੰ ਸੰਭਾਵਿਤ ਪ੍ਰਕੋਪ ਲਈ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਰਾਜਾਂ ਵੱਲੋਂ ਚਲਾਏ ਜਾ ਰਹੇ ਹਸਪਤਾਲਾਂ ’ਚ ਅਲਹਿਦਾ ਵਾਰਡ ਬਣਾਏ ਗਏ ਹਨ। ਆਬਾਦੀ ਪੱਖੋਂ ਦੁਨੀਆ ਦੇ ਦੂਜੇ ਸਭ ਤੋਂ ਵੱਡੇ ਦੇਸ਼ ਲਈ ਕਈ ਚੁਣੌਤੀਆਂ ਵੀ ਹਨ। ਹਸਪਤਾਲਾਂ ਦੇ ਪ੍ਰਬੰਧ ਮਰੀਜ਼ਾਂ ਦੀ ਗਿਣਤੀ ਵਧਣ ਨਾਲ ਚਰਮਰਾ ਸਕਦੇ ਹਨ। ਚੀਨ ਦੀ ਤਰ੍ਹਾਂ ਵੱਡੀ ਗਿਣਤੀ ’ਚ ਆਪਣੇ ਲੋਕਾਂ ਨੂੰ ਹਸਪਤਾਲਾਂ ’ਚ ਦਾਖ਼ਲ ਕਰਨਾ ਅਸੰਭਵ ਹੋ ਸਕਦਾ ਹੈ ਪਰ ਅਸੀਂ ਸਾਰੇ ਮਿਲ ਕੇ ਇਕ ਬੇਹੱਦ ਜ਼ਰੂਰੀ ਕੰਮ ਕਰ ਸਕਦੇ ਹਾਂ। ਅਸੀਂ ਆਪਣੀ ਅਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਦਾ ਧਿਆਨ ਰੱਖੀਏ ਅਤੇ ਜੇ ਕਿਸੇ ’ਚ ਕੋਰੋਨਾ ਦੇ ਲੱਛਣ ਮਿਲਣ ਤਾਂ ਉਸ ਦੇ ਇਲਾਜ ’ਚ ਕੋਈ ਅਣਗਹਿਲੀ ਨਾ ਵਰਤੀਏ ਕਿਉਂਕਿ ਵੇਖਣ ’ਚ ਆਇਆ ਹੈ ਕਿ ਕੁਝ ਪੀੜਤ ਹਸਪਤਾਲਾਂ ’ਚੋਂ ਬਿਨਾਂ ਦੱਸੇ ਗਾਇਬ ਹੋ ਗਏ ਸਨ। ਇਸ ਬਿਮਾਰੀ ਤੋਂ ਡਰਨ ਦੀ ਨਹੀਂ ਬਲਕਿ ਇਸ ਨਾਲ ਲੜਨ ਦੀ ਲੋੜ ਹੈ। ਇਹ ਖ਼ਬਰ ਵੀ ਰਾਹਤ ਦੇਣ ਵਾਲੀ ਹੈ ਕਿ ਅਮਰੀਕਾ ’ਚ ਕੋਰੋਨਾ ਵਾਇਰਸ ਦੇ ਬਚਾਅ ਲਈ ਪਹਿਲੇ ਮਨੁੱਖੀ ਟੀਕਾਕਰਨ ਦਾ ਪ੍ਰੀਖਣ ਸ਼ੁਰੂ ਹੋ ਗਿਆ ਹੈ।

ਹਾਲਾਂਕਿ ਜੇਕਰ ਇਹ ਸ਼ੁਰੂਆਤੀ ਬਚਾਅ ਟੈਸਟ ਸਫਲ ਹੁੰਦਾ ਹੈ ਤਾਂ ਵੀ ਇਸ ਨੂੰ ਆਮ ਲੋਕਾਂ ਤਕ ਪਹੁੰਚਾਉਣ ਲਈ ਲਗਪਗ 18 ਮਹੀਨੇ ਲੱਗ ਸਕਦੇ ਹਨ। ਆਸ ਹੈ ਕਿ ਸਾਇੰਸਦਾਨ ਇਸ ’ਚ ਸਫਲ ਹੋਣਗੇ। ਨਾਲ ਹੀ ਕੋਰੋਨਾ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਵੀ ਫੈਲ ਰਹੀਆਂ ਹਨ। ਸੋਸ਼ਲ ਮੀਡੀਆ ’ਤੇ ਅਜਿਹੀਆਂ ਸੂਚਨਾਵਾਂ ਵੀ ਹਨ ਕਿ ਮਾਸਕ ਪਾ ਕੇ ਕੁਝ ਲੋਕ ਲੁੱਟ-ਖੋਹ ਦੀਆਂ ਵਾਰਦਾਤਾਂ ਕਰ ਰਹੇ ਹਨ। ਘਰਾਂ ’ਚ ਸਪਰੇਅ ਕਰਨ ਦੇ ਨਾਂ ’ਤੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਇਸ ਮੁਸ਼ਕਲ ਘੜੀ ’ਚ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਸਾਨੂੰ ਆਪਣੇ ਆਲੇ-ਦੁਆਲੇ ਨਜ਼ਰ ਰੱਖਣੀ ਚਾਹੀਦੀ ਹੈ। ਅਸੀਂ ਸਾਰਿਆਂ ਨੇ ਮਿਲ ਕੇ ਇਸ ਵਾਇਰਸ ਨੂੰ ਫੈਲਣ ਤੋਂ ਰੋਕਣਾ ਹੈ ਤਾਂ ਜੋ ਮਨੁੱਖਤਾ ’ਤੇ ਮੰਡਰਾ ਰਹੇ ਇਸ ਖ਼ਤਰੇ ਤੋਂ ਬਚਿਆ ਜਾ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# Ambedkar House, London

During the Public Inquiry Hearing in September and October 2019 into the Appealagainst London Borough of Camden's rejection of an application for a memorial dedicated to Dr Bhimrao Ambedkar at 10 King Henry's Road, the Council argued it didn't want to give up the property's residential floor space. They also argued Dr Ambedkar's status wasn'twell enough known in Britain to be a person of wider interest. The Chair of the Public Inquiry Chair, Inspector Mr Keri Williams,and Mr Robert Jenrick, Secretary of State for Housing, Communities and Local Government were persuaded otherwise by evidence and testimonies in support of the case for the memorial. They gave their seal of approval on 12 March 2020https://www.gov.uk/government/publications/recovered-appeal-land-at-10-king-henrys-road-london-nw3-3rp-ref-3219239-12-march-2020







Ambedkaritesin the UK and around the world were jubilant celebrated the good news.

Ms Santosh Dass MBE, President of the Federation of Ambedkarite and Buddhist Organisations UK (FABOUK) had first proposed to the Government of Maharashtra the purchase and refurbishment of the then-dilapidated house's purchase she visited. 10 King Henry's Road was where Dr Ambedkar lived from 1920 to 1921. Sheresponds:"I'm thrilled. This is very a good day for equality and dignity. My dream was to create the first memorial outside of India to Babasaheb Ambedkar at a place where he lived. He was a giant of social equality and human rights. That dreamis coming true. Let's all celebrate this champion! Nowwe have to finish our work setting up the museum. I look forward to ever more people learning how extraordinary Dr Ambedkar was and about thefar-reaching social reforms he set in train. I'm grateful to Mr Steven Gaztowicz QC and to Dr William Gould for presenting our case so magnificently, the Government of Maharashtra – particularly Mr Rajkumar-Badole for all his support since 2014 –, the India High Commission and in particular Her Excellency MrsRuchiGhanashyam and the HC lawyerJaneevan John at Singhania& Co, and to Mr Jenrick for hisexpedient intervention."Mr Arun Kumar, General Secretary of FABO UK, added "It's great news for all followers and admirers of Dr Ambedkar. A great burden is lifted from our minds."

William Gould, professor of India studies at the University of Leeds and one of the three key witnesses at the Inquiry alongside Santosh Dass and Jamie O'Sullivan, a Town Planning expert,reminded:"Dr Ambedkar is one of world's key figures in the development of 20th Century liberal democracy and, via his work, the vibrant political culture of India. Its great social document – the nation's Constitution – links back to Britain and British history. It is only right that we have a memorial. I'mhonored to have contributed to getting Dr Ambedkar recognized here in the UK amongst circles that first challenged his significance."Ravi Kumar, General Secretary of the Anti Caste Discrimination Alliance, who had lobbied Mr Williams, and Mr Jenrick, said: "Dr Ambedkar's vision of a more equal and discrimination-free society has inspired and shaped our campaign to outlaw Caste-based discrimination in the UK. He's on par Martin Luther King Jr and Dr Nelson Mandela."

Residents from the neighbourhood, Ambedkarites and equality-focused organisations voicedstrong support for the memorial prior to, and at the Hearing. Moving and powerful contributions were made at the two-day Public Hearing by Sally Roach, Alex Sunshine,Bonnie Garnett (better known as the Canadian folksinger Bonnie Dobson), the writer Ken Hunt, Satpal Muman of the Ambedkar International Mission, Raj Banger of Kanshi TV, and the Ven. BhanteVijithavansa.

**For more information**
**please contact Santosh Dass 00447902806342**

# ਮੱਧ ਪ੍ਰਦੇਸ਼: ਸੁਪਰੀਮ ਕੋਰਟ ਵੱਲੋਂ ਸਪੀਕਰ, ਮੁੱਖ ਮੰਤਰੀ ਤੇ ਰਾਜਪਾਲ ਨੂੰ ਨੋਟਿਸ

**ਨਵੀਂ ਦਿੱਲੀ–** ਮੱਧ ਪ੍ਰਦੇਸ਼ ਵਿੱਚ ਜਾਰੀ ਸਿਆਸੀ ਸੰਕਟ ਦਰਮਿਆਨ ਸੁਪਰੀਮ ਕੋਰਟ ਨੇ ਸੀਨੀਅਰ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਨੌਂ ਹੋਰ ਪਾਰਟੀ ਵਿਧਾਇਕਾਂ ਵੱਲੋਂ ਦਾਇਰ ਪਟੀਸ਼ਨ ’ਤੇ ਸੂਬਾਈ ਅਸੈਂਬਲੀ ਦੇ ਸਪੀਕਰ ਐੱਨ.ਪੀ.ਪ੍ਰਜਾਪਤੀ, ਮੁੱਖ ਮੰਤਰੀ ਕਮਲ ਨਾਥ ਤੇ ਰਾਜਪਾਲ ਲਾਲਜੀ ਟੰਡਨ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨਰਾਂ ਨੇ ਕਮਲ ਨਾਥ ਸਰਕਾਰ ਨੂੰ ਬਹੁਮੱਤ ਸਾਬਿਤ ਕਰਨ ਬਾਰੇ ਹਦਾਇਤਾਂ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਸੀ। ਜਸਟਿਸ ਡੀ.ਵਾਈ.ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਸਪੀਕਰ ਤੇ ਮੁੱਖ ਮੰਤਰੀ ਨੂੰ 24 ਘੰਟਿਆਂ ਅੰਦਰ ਨੋਟਿਸ ਦਾ ਜਵਾਬ ਦੇਣ ਦੀ ਹਦਾਇਤ ਕੀਤੀ ਹੈ। ਕੇਸ ਦੀ ਸੁਣਵਾਈ ਬੁੱਧਵਾਰ ਨੂੰ ਸਵੇਰੇ ਸਾਢੇ ਦਸ ਵਜੇ ਹੋਵੇਗੀ। ਇਸ ਦੌਰਾਨ ਚੌਹਾਨ ਨੇ ਮੁੱਖ ਮੰਤਰੀ ਕਮਲ ਨਾਥ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸਰਕਾਰ ਨੂੰ ਬਚਾਉਣ ਲਈ ਬੇਲੋੜੇ ਅੜਿੱਕੇ ਪਾਉਣ ਤੋਂ ਗੁਰੇਜ਼ ਕਰਨ। ਇਸ ਦੌਰਾਨ ਮੁੱਖ ਮੰਤਰੀ ਕਮਲ ਨਾਥ ਨੇ ਰਾਜਪਾਲ ਲਾਲਜੀ ਟੰਡਨ ਵੱਲੋਂ ਬਹੁਮੱਤ ਸਾਬਿਤ ਕਰਨ ਬਾਰੇ ਜਾਰੀ ਪੱਤਰ ਨੂੰ ਅੱਗੇ ਸਪੀਕਰ ਕੋਲ ਭੇਜ ਦਿੱਤਾ ਹੈ। ਮੁੱਖ ਮੰਤਰੀ ਨੇ ਰਾਜਪਾਲ ਨੂੰ ਲਿਖੇ ਮੋੜਵੇਂ ਪੱਤਰ ਵਿਚ ਕਿਹਾ, ’’ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ, ਮੈਂ ਤੁਹਾਡੇ ਵੱਲੋਂ ਜਾਰੀ ਹਦਾਇਤਾਂ ਢੁੱਕਵੀਂ ਕਾਰਵਾਈ ਲਈ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤੀਆਂ ਹਨ।’ ਦੱਸਣਯੋਗ ਹੈ ਕਿ ਨਾਥ ਤੇ ਟੰਡਨ ’ਚਿੱਠੀ-ਪੱਤਰ ਦੀ ਜੰਗ’ ਕਈ ਦਿਨਾਂ ਤੋਂ ਲੜ ਰਹੇ ਹਨ। ਰਾਜਪਾਲ ਦੋ ਵਾਰ ਕਮਲ ਨਾਥ ਨੂੰ ਬਹੁਮੱਤ ਸਾਬਿਤ ਕਰਨ ਲਈ ਕਹਿ ਚੁੱਕੇ ਹਨ। ਸ਼ਨਿਚਰਵਾਰ ਨੂੰ ਜਾਰੀ ਪੱਤਰ ’ਚ ਰਾਜਪਾਲ ਨੇ ਨਾਥ ਨੂੰ ਸੋਮਵਾਰ ਅਤੇ ਸੋਮਵਾਰ ਨੂੰ ਜਾਰੀ ਪੱਤਰ ’ਚ ਅੱਜ(ਮੰਗਲਵਾਰ) ਭਰੋਸੇ ਦੀ ਵੋਟ ਹਾਸਲ ਕਰਨ ਲਈ ਕਿਹਾ ਸੀ। ਦੋਵੇਂ ਵਾਰ ਅਜਿਹਾ ਨਹੀਂ ਕੀਤਾ ਗਿਆ ਤੇ ਸੋਮਵਾਰ ਸਪੀਕਰ ਨੇ ਕਰੋਨਾਵਾਇਰਸ ਦਾ ਹਵਾਲਾ ਦੇ ਕੇ ਸਦਨ ਨੂੰ 26 ਮਾਰਚ ਤੱਕ ਲਈ ਉਠਾ ਦਿੱਤਾ। ਨਾਥ ਨੇ ਕਿਹਾ ਕਿ ਰਾਜਪਾਲ ਦੇ ਹੁਕਮ ’ਨਿਰੋਲ ਬੇਬੁਨਿਆਦ ਤੇ ਗ਼ੈਰ-ਸੰਵਿਧਾਨਕ’ ਹਨ। ਕਮਲ ਨਾਥ ਨੇ ਮੁੜ ਭਾਜਪਾ ਨੂੰ ਬੇਭਰੋਸਗੀ ਮਤਾ ਲਿਆਉਣ ਦੀ ਚੁਣੌਤੀ ਦਿੱਤੀ। ਕਾਂਗਰਸ ਵਾਂਗ ਭਾਜਪਾ ਨੂੰ ਵੀ ਆਪਣੇ ਵਿਧਾਇਕਾਂ ਨੂੰ ਇਕੱਠੇ ਰੱਖਣ ’ਚ ਮੁਸ਼ਕਲ ਆ ਰਹੀ ਹੈ। ਭਾਜਪਾ ਵਿਧਾਇਕ ਨਾਰਾਇਣ ਤ੍ਰਿਪਾਠੀ ਨੇ ਦੋ ਵਾਰ ਨਾਥ ਨਾਲ ਮੁਲਾਕਾਤ ਕੀਤੀ। ਤ੍ਰਿਪਾਠੀ ਨੇ ਹਾਲਾਂਕਿ ਖੁੱਲ੍ਹੇਆਮ ਕਮਲ ਨਾਥ ਦੀ ਹਮਾਇਤ ਨਹੀਂ ਕੀਤੀ। ਨਾਥ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਧਿਆਨ ’ਚ ਆਇਆ ਹੈ ਕਿ ਭਾਜਪਾ ਨੇ ਬੇਭਰੋਸਗੀ ਮਤੇ ਬਾਰੇ ਕਾਗਜ਼ ਦਾਖ਼ਲ ਕੀਤੇ ਹਨ ਤੇ ਇਹ ਹੁਣ ਸਪੀਕਰ ਦੇ ਅਧਿਕਾਰ ਖੇਤਰ ਵਿਚ ਹਨ। ਭਾਜਪਾ ਨੇ ਨਾਥ ਦੇ ਦਾਅਵਿਆਂ ਨੂੰ ਨਕਾਰ ਦਿੱਤਾ ਹੈ। ਮੁੱਖ ਮੰਤਰੀ ਨੇ ਮੁੜ ਕਿਹਾ ਕਿ 16 ਕਾਂਗਰਸੀ ਵਿਧਾਇਕਾਂ ਨੂੰ ਭਾਜਪਾ ਆਗੂਆਂ ਨੇ ਬੰਗਲੁਰੂ ’ਚ ’ਬੰਧਕ’ ਬਣਾਇਆ ਹੋਇਆ ਹੈ। ਹੋਟਲ ’ਚ ਉਨ੍ਹਾਂ ਨੂੰ ਰਿਸ਼ਤੇਦਾਰਾਂ ਨਾਲ ਮਿਲਣ ਤੋਂ ਵੀ ਰੋਕਿਆ ਜਾ ਰਿਹਾ ਹੈ। ਨਾਥ ਨੇ ਕਿਹਾ ਕਿ ਪਹਿਲਾਂ ਇਨ੍ਹਾਂ ਨੂੰ ’ਆਜ਼ਾਦ’ ਕੀਤਾ ਜਾਵੇ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਾਹਿਬ ਕਾਂਸ਼ੀ ਰਾਮ ਜੀ ਦਾ ਗੈਰ ਕਾਂਗਰਸ ਤੇ ਗੈਰ ਭਾਜਪਾ ਸਰਕਾਰ ਬਣਾਉਣ ਦਾ ਸੁਪਨਾ ਪੰਜਾਬ 'ਚ ਬਸਪਾ ਕਰੇਗੀ ਪੂਰਾ-ਬੈਨੀਵਾਲ, ਗੜ੍ਹੀ

## ਹਜ਼ਾਰਾਂ ਲੋਕਾਂ ਨੇ ਖੁਵਾਸਪੁਰੇ ਦੀ ਧਰਤੀ ਨੂੰ ਕੀਤਾ ਨਮਨ
















**ਚੰਡੀਗੜ੍ਹ/ਰੋਪੜ –** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਅੱਜ ਬਾਮਸੇਫ਼, ਡੀ.ਐਸ.ਫੋਰ ਅਤੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 86 ਵਾਂ ਜਨਮ ਦਿਨ ਉਨ੍ਹਾਂ ਦੇ ਜੱਦੀ ਪਿੰਡ ਖੁਵਾਸਪੁਰਾ ਵਿਖੇ ਵਿਸ਼ਾਲ ਸੱਤਾ ਪ੍ਰਾਪਤ ਕਰੋ ਮੇਲਾ ਲਗਾਕੇ ਮਨਾਇਆ। ਇਸ ਮੇਲੇ ਵਿੱਚ ਬਸਪਾ ਦੇ ਹਜ਼ਾਰਾਂ ਵਰਕਰਾਂ ਨੇ ਆਪਣੇ ਮਾਰਗ ਦਰਸ਼ਕ ਨੂੰ ਨਮਨ ਕੀਤਾ ਅਤੇ 2022 ਵਿੱਚ ਸੱਤਾ ਪ੍ਰਾਪਤੀ ਦਾ ਸੰਕਲਪ ਲਿਆ। ਮੇਲੇ ਨੂੰ ਬਸਪਾਈ ਰੰਗਤ ਦੇਣ ਲਈ ਪੂਰੇ ਸ਼ਹਿਰ ਅਤੇ ਪੰਡਾਲ ਨੂੰ ਨੀਲੇ ਝੰਡਿਆਂ ਨਾਲ ਸਜਾਇਆ ਗਿਆ ਸੀ। ਇਸ ਮੌਕੇ ਤੇ ਮੁੱਖ ਮਹਿਮਾਨ ਬਸਪਾ ਪੰਜਾਬ ਅਤੇ ਚੰਡੀਗੜ੍ਹ ਦੇ ਇੰਚਾਰਜ ਸ੍ਰੀ ਰਣਧੀਰ ਸਿੰਘ ਬੈਨੀਵਾਲ, ਸ੍ਰੀ ਵਿਪੁਲ ਕੁਮਾਰ ਅਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਭੈਣ ਕੁਲਵੰਤ ਕੌਰ ਸੋਲਖੀਆਂ ਜੀ ਪੁੱਜੇ। ਰੈਲੀ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਸ. ਜਸਵੀਰ ਸਿੰਘ ਗੜ੍ਹੀ ਅਤੇ ਮੰਚ ਸੰਚਾਲਨ ਸੂਬਾ ਜਨਰਲ ਸਕੱਤਰ ਡਾ. ਨਛੱਤਰ ਪਾਲ ਨੇ ਕੀਤਾ।

ਇਸ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਰਣਧੀਰ ਸਿੰਘ ਬੈਨੀਵਾਲ ਜੀ ਨੇ ਕਿਹਾ ਕਿ ਪੰਜਾਬ ਨੂੰ ਪਿਛਲੇ 70 ਸਾਲਾਂ ਤੋਂ ਕਾਂਗਰਸ ਅਤੇ ਭਾਜਪਾ ਦੇ ਗਠਬੰਧਨ ਦੀਆਂ ਸਰਕਾਰਾਂ ਨੇ ਬੁਰੀ ਤਰ੍ਹਾਂ ਲੁੱਟਿਆ ਅਤੇ ਕੁੱਟਿਆ ਹੈ। ਪੰਜਾਬ ਦੀ ਜਵਾਨੀ ਕਿਸਾਨੀ ਦੀ ਤਬਾਹੀ ਕੀਤੀ ਹੈ ਅਤੇ ਪੰਜਾਬ ਨੂੰ ਨਸ਼ੇ ਦਲਦਲ ਵਿੱਚ ਧੱਕਣਾ ਵੀ ਇਨ੍ਹਾਂ ਦੇ ਹਿੱਸੇ ਆਉਂਦਾ ਹੈ। ਪੰਜਾਬ ਦਾ ਸਾਰਾ ਮੁਲਾਜ਼ਮ ਵਰਗ ਇੰਨਾਂ ਦੁਖੀ ਹੈ ਕਿ ਪੰਜਾਬ ਦੇ ਅਧਿਆਪਕ ਵਰਗ ਤੇ ਹੋਰ ਮੁਲਾਜ਼ਮਾਂ ਨੂੰ ਨਹਿਰਾਂ ਵਿੱਚ ਛਾਲਾਂ ਮਾਰਨ ਤੇ ਟੈਂਕੀਆਂ ਉਪਰ ਚੜ੍ਹਨ ਨੂੰ ਮਜ਼ਬੂਰ ਹੋਣ ਹੈ ਰਿਹਾ ਹੈ। ਕਿਸਾਨ, ਗਰੀਬ ਮਜ਼ਦੂਰ, ਵਪਾਰੀ ਕਰਜ਼ਿਆਂ ਦੀ ਜਕੜਨ ਵਿੱਚ ਧੱਕਿਆ ਗਿਆ ਹੈ। ਵਿਦਿਆਰਥੀਆਂ ਨੂੰ ਕਾਲਜਾਂ ਯੂਨੀਵਿਰਸਿਟੀਆਂ ਦੀ ਪੜ੍ਹਾਈ ਤੋਂ ਵਾਂਝਾ ਕੀਤਾ ਹੈ। ਸ੍ਰੀ ਬੈਨੀਵਾਲ ਨੇ ਅੱਗੇ ਕਿਹਾ ਕਿ ਪੰਜਾਬ ਦੀ ਹਰ ਸਮੱਸਿਆ ਦੇ ਹੱਲ ਦੀ ਚਾਬੀ ਬਸਪਾ ਕੋਲ ਹੈ ਬਸਪਾ ਕੋਲ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਚਾਰ ਚਾਰ ਵਾਰ ਸਰਕਾਰ ਚਲਾਉਣ ਦਾ ਤਜ਼ਰਬਾ ਹੈ। ਸਾਹਿਬ ਕਾਂਸ਼ੀ ਰਾਮ ਜੀ ਤੋਂ ਬਾਅਦ ਭੈਣ ਕੁਮਾਰੀ ਮਾਇਆਵਤੀ ਜੀ ਪੰਜਾਬ ਵਿੱਚ ਸੱਤਾ ਤਬਦੀਲੀ ਲਈ ਸੁਹਿਰਦ ਯਤਨ ਕਰ ਰਹੀ ਹੈ।

ਇਸ ਮੌਕੇ ਸ੍ਰੀ ਵਿਪੁਲ ਕੁਮਾਰ ਇੰਚਾਰਜ ਬਸਪਾ ਪੰਜਾਬ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਵਿੱਚ ਰਾਜ ਕਰਦੀਆਂ ਸਰਕਾਰਾਂ ਨੇ ਹਮੇਸ਼ਾਂ ਪੱਛੜੇ ਵਰਗ ਨਾਲ ਧੱਕਾ ਕੀਤਾ ਹੈ ਅਤੇ ਅੱਜ ਤੱਕ ਵੀ ਪੱਛੜਾ ਵਰਗ ਨੂੰ ਉਨ੍ਹਾਂ ਦਾ ਬਣਦਾ ਹੱਕ ਨੌਕਰੀਆਂ ਅਤੇ ਸਿੱਖਿਆ ਦੇ ਖੇਤਰ ਵਿੱਚ ਦੇਣ ਲਈ ਮੰਡਲ ਕਮਿਸ਼ਨ ਰਿਪੋਰਟ ਨੂੰ ਹੁਣ ਤੱਕ ਲਾਗੂ ਨਹੀਂ ਕੀਤੀ ਹੈ ਜੋ ਕਿ ਓ.ਬੀ.ਸੀ. ਜਮਾਤਾਂ ਨੂੰ 27% ਰਾਖਵਾਂਕਰਨ ਦਿੰਦੀ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ 2022 ਵਿੱਚ ਪੰਜਾਬ ਅੰਦਰ ਸੱਤਾ ਤਬਦੀਲੀ ਕਰਨ ਦਾ ਸੱਦਾ ਦਿੱਤਾ।

ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਤੇ ਨੌਜਵਾਨ ਆਗੂ ਸ. ਜਸਵੀਰ ਸਿੰਘ ਗੜ੍ਹੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਵਿੱਚ ਬਸਪਾ ਕਾਂਗਰਸ ਅਤੇ ਅਕਾਲੀ ਭਾਜਪਾ ਗਠਬੰਧਨ ਤੋਂ ਬਾਅਦ ਵਿੱਚ ਵੋਟਾਂ ਦੇ ਲਿਹਾਜ਼ ਨਾਲ ਤੀਜੀ ਵੱਡੀ ਪਾਰਟੀ ਹੈ। ਬਸਪਾ ਦਾ ਸੰਗਠਨ ਪੂਰੇ ਪੰਜਾਬ ਵਿੱਚ ਵਿਧਾਨ ਸਭਾ ਪੱਧਰ ਤੱਕ ਫੈਲਿਆ ਹੋਇਆ ਹੈ।

ਬਸਪਾ ਪੰਜਾਬ ਅੰਦਰ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਣਾ ਜਨ-ਆਧਾਰ ਵਧਾਉਣ ਲਈ ਸੰਘਰਸ਼ੀਲ ਹੈ ਅਤੇ 2022 ਤੋਂ ਵੱਡੀ ਲਾਮਬੰਦੀ ਸਾਰੇ ਵਰਗਾਂ ਤੱਕ ਪਹੁੰਚ ਕਰਕੇ ਪੰਜਾਬ ਅੰਦਰ ਖੜ੍ਹੀ ਕਰਾਂਗੇ। ਕਿਉਂਕਿ ਦੇਸ਼ ਅਤੇ ਸੂਬਾ ਅੰਦਰ ਦਲਿਤ, ਪੱਛੜਾ, ਵਿਦਿਆਰਥੀ, ਕਿਸਾਨ, ਛੋਟਾ ਵਪਾਰੀ ਅਤੇ ਹਰ ਵਰਗ ਦੇ ਲੋਕ ਪ੍ਰੇਸ਼ਾਨ ਹਨ ਅਤੇ ਆਰਥਿਕ ਮੰਦੀ ਤੇ ਸਰਕਾਰਾਂ ਦੀ ਲੁੱਟ ਅਤੇ ਕਸੁੱਟ ਦਾ ਸ਼ਿਕਾਰ ਹਨ। ਉਨ੍ਹਾਂ ਕਿਹਾ ਲਾਅ ਐਂਡ ਆਰਡਰ ਦੇ ਮਸਲੇ ਵਿੱਚ ਵੀ ਕੈਪਟਨ ਸਰਕਾਰ ਫੇਲ੍ਹ ਹੈ ਅਤੇ ਨਸ਼ਿਆਂ ਨੂੰ ਰੋਕਣ ਵਿੱਚ ਵੀ ਨਾ ਕਾਮਯਾਬ ਨਹੀਂ। ਪੰਜਾਬ ਅੰਦਰ ਬੇਰੁਜ਼ਗਾਰੀ ਦੀ ਕੋਈ ਹੱਦ ਨਹੀਂ ਡਿਗਰੀਆਂ ਚੱਕ ਨੌਕਰੀਆਂ ਮੰਗਣ ਵਾਲਿਆਂ ਨੂੰ ਡਾਗਾਂ ਮਿਲ ਰਹੀਆਂ ਹਨ ਅਤੇ ਪਾੜ੍ਹੇ ਸਰਕਾਰ ਦੀਆਂ ਨੀਤੀਆਂ ਅਤੇ ਨਸ਼ੇ ਤੋਂ ਦੁਖੀ ਹੋ ਕੇ ਦੇਸ਼ ਛੱਡ ਰਹੇ ਹਨ। ਸ੍ਰੀ ਗੜ੍ਹੀ ਨੇ ਕਿਹਾਕਿ ਪੰਜਾਬ ਲੋਕਾਂ ਨੂੰ ਬਸਪਾ ਦਾ ਸਾਥ ਦੇਣ ਤੇ ਸੋਚਣ ਵਿਚਾਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਦੂਜਿਆਂ ਸਿਆਸੀ ਧਿਰਾਂ ਦੇ ਸੱਤਾ ਹਾਸਲ ਕਰਨ ਦੀ ਗੱਲ ਤੇ ਚੋਟ ਕਰਦਿਆਂ ਕਿਹਾ ਕਿ ਇਸ ਵਾਰ 2022 ਵਿੱਚ ਪੰਜਾਬ ਅੰਦਰ ਬਸਪਾ ਤੋਂ ਬਿਨ੍ਹਾਂ ਕਿਸੇ ਵੀ ਪਾਰਟੀ ਦੀ ਸਰਕਾਰ ਨਹੀਂ ਬਣੇਗੀ ਇਹੋ ਜਿਹੇ ਰਾਜਨੀਤਿਕ ਸਮੀਕਰਨ ਅਸੀਂ ਬਣਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਅੰਦਰ ਅਰਾਜਕਤਾ ਦਾ ਮਾਹੌਲ ਬਣਾਇਆ ਜਾ ਰਿਹਾ ਹੈ।

ਐਨ.ਪੀ.ਆਰ, ਸੀ.ਏ.ਏ. ਅਤੇ ਐਨ.ਆਰ.ਸੀ. ਵਰਗੇ ਕਾਲੇ ਕਾਨੂੰਨ ਲਿਆਂਦੇ ਜਾ ਰਹੇ ਹਨ। ਦੇਸ਼ ਦੀ ਕਾਨੂੰਨ ਵਿਵਸਥਾ ਕੰਟਰੋਲ ਵਿੱਚ ਨਹੀਂ ਸੱਤਾਧਾਰੀ ਧਿਰ ਦੇ ਲੋਕ ਦੰਗਿਆਂ ਨੂੰ ਭੜਕਾਉਣ ਦਾ ਕੰਮ ਕਰ ਰਹੇ। ਸ. ਗੜ੍ਹੀ ਨੇ ਕਿਹਾ ਜੇਕਰ ਦੇਸ਼ ਅੰਦਰ ਸਰਵਜਨ ਸਮਾਜ (ਸਾਰੇ ਦੇਸ਼ ਦੇ ਲੋਕਾਂ) ਦਾ ਭਲਾ ਕਰ ਸਕਦੀ ਹੈ ਤਾਂ ਉਹ ਕੇਵਲ ਬਹੁਜਨ ਸਮਾਜ ਪਾਰਟੀ ਕਰ ਸਕਦੀ ਹੈ ਕਿਉਂਕਿ ਬਸਪਾ ਅਸਲ ਵਿੱਚ ਗੁਰੂ ਸਾਹਿਬਾਨ ਦੇ ਆਸ਼ੇ ਦਾ ਰਾਜ ਸਥਾਪਿਤ ਕਰਨੀ ਚਾਹੁੰਦੀ ਹੈ। ਉਨ੍ਹਾਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਨੂੰ ਸਹੀ ਤਰ੍ਹਾਂ ਨਾ ਲਾਗੂ ਕਰਨ ਤੇ ਵੀ ਸਰਕਾਰ ਨਿੰਦਾ ਕੀਤੀ ਅਤੇ ਵਿਦਿਆਰਥੀਆਂ ਨੂੰ ਤੁਰੰਤ ਰਾਹਤ ਦੇਣ ਦੀ ਗੱਲ ਕਹੀ ਨਾਲ ਉਨ੍ਹਾਂ 85ਵੀਂ ਸੰਵਿਧਾਨਕ ਸੋਧ ਤੁਰੰਤ ਲਾਗੂ ਕਰਨ ਦੀ ਮੰਗ ਵੀ ਕੀਤੀ।

ਇਸ ਮੌਕੇ ਬਸਪਾ ਪੰਜਾਬ ਦੀ ਸੀਨੀਅਰ ਆਗੂ ਸ੍ਰੀ ਹਰਜੀਤ ਸਿੰਘ ਲੌਂਗੀਆਂ (ਉਪ ਪ੍ਰਧਾਨ), ਡਾ. ਨਛੱਤਰ ਪਾਲ ਰਾਹੋਂ, ਸ੍ਰੀ ਸਤਵਿੰਦਰ ਸਿੰਘ ਛੱਜਲਵੱਡੀ, ਸ੍ਰੀ ਬਲਦੇਵ ਸਿੰਘ ਮਹਿਰਾ, ਠੇਕੇਦਾਰ ਭਗਵਾਨ ਦਾਸ, ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਸ੍ਰੀ ਕੁਲਦੀਪ ਸਿੰਘ ਸਰਦੂਲਗੜ੍ਹ, ਸ੍ਰੀ ਗੁਰਮੇਲ ਚੁੰਬਰ, ਸ੍ਰੀ ਬਲਵਿੰਦਰ ਕੁਮਾਰ, ਸ੍ਰੀ ਅੰਮ੍ਰਿਤਪਾਲ ਭੌਂਸਲੇ ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ, ਸ੍ਰੀ ਮਨਜੀਤ ਸਿੰਘ ਅਟਵਾਲ, ਡਾ. ਜਸਪ੍ਰੀਤ ਸਿੰਘ,ਸ੍ਰੀ ਅਜੀਤ ਸਿੰਘ ਭੈਣੀ, ਸ੍ਰੀ ਸੰਤ ਰਾਮ ਮੱਲ੍ਹੀਆਂ, ਸ੍ਰੀ ਲਾਲ ਸਿੰਘ ਸੁਲਹਾਣੀ, ਸ੍ਰੀ ਤੀਰਥ ਰਾਜਪੁਰਾ, ਸ੍ਰੀ ਜਗਦੀਪ ਸਿੰਘ ਗੋਗੀ, ਸ੍ਰੀ ਚਮਕੌਰ ਸਿੰਘ ਵੀਰ, ਸ੍ਰੀ ਗੁਰਮੇਲ ਸਿੰਘ ਜੀ.ਕੇ. ਸ੍ਰੀ ਰਾਜੇਸ਼ ਕੁਮਾਰ, ਸ੍ਰੀ ਦਲਜੀਤ ਰਾਏ, ਸ੍ਰੀ ਪਰਮਜੀਤ ਮੱਲ੍ਹ, ਸ੍ਰੀ ਪੀ.ਡੀ.ਸ਼ਾਂਤ, ਚੌਧਰੀ ਖੁਸ਼ੀ ਰਾਮ, ਸ੍ਰੀ ਸੋਢੀ ਵਿਕਰਮ ਸਿੰਘ, ਸ੍ਰੀ ਨਿਰਮਲ ਸਿੰਘ ਸੁੰਮਨ, ਮਾਸਟਰ ਰਾਮ ਪਾਲ ਜ਼ਿਲ੍ਹਾ ਪ੍ਰਧਾਨ ਰੋਪੜ, ਐਡਵੋਕੇਟ ਚਰਨਜੀਤ ਘਈ, ਮਾਸਟਰ ਜਗਦੀਸ਼ ਹਵੇਲੀ, ਸ੍ਰੀ ਕੁਲਦੀਪ ਸਿੰਘ ਘਨੌਲੀ, ਸ੍ਰੀ ਗੁਰਦਰਸ਼ਨ ਸਿੰਘ, ਸ੍ਰੀ ਬੀਰਬਲ ਵੈਦ, ਸ੍ਰੀ ਮੱਖਣ ਸਿੰਘ ਸੁਰਤਾਪੁਰ, ਤਹਿਸੀਲਦਾਰ ਜੋਗਿੰਦਰ ਸਿੰਘ, ਸ੍ਰੀ ਜਰਨੈਲ ਚੰਦੜ੍ਹ, ਸ੍ਰੀ ਮੋਹਨ ਸਿੰਘ ਨੋਧੇਮਾਜਰਾ, ਕੈਪਟਨ ਰਘੁਵੀਰ ਸਿੰਘ, ਸ੍ਰੀ ਗੁਰਪ੍ਰੀਤ ਸਿੰਘ ਭੂਰੜੇ, ਸ੍ਰੀ ਦਰਸ਼ਨ ਸਿੰਘ ਸਮਾਣਾ, ਸ੍ਰੀ ਮਨਜੀਤ ਸਿੰਘ ਕਕਰਾਲੀ, ਸ੍ਰੀ ਗੁਰਚਰਨ ਸਿੰਘ ਖਾਲਸਾ, ਸ੍ਰੀ ਮੱਖਣ ਸਿੰਘ ਸੁਰਤਾਪੁਰ, ਸ੍ਰੀ ਪ੍ਰੇਮ ਸਿੰਘ ਫਿੱਡੇ, ਸ੍ਰੀ ਗੁਰਵਿੰਦਰ ਸਿੰਘ ਗੋਲਡੀ, ਸੂਬੇਦਾਰ ਅਜੀਤ ਸਿੰਘ ਸੀਲੋਮਸਕੋ, ਸ੍ਰੀ ਗੁਰਦੇਵ ਸਿੰਘ ਦੱਬਰੀ, ਸ੍ਰੀ ਜਗਤਾਰ ਸਿੰਘ ਬਿਕਾਪੁਰ, ਸ੍ਰੀ ਭਾਗ ਸਿੰਘ ਕੀਰਤਪੁਰ, ਸ੍ਰੀ ਸੁਰਮੁਖ ਸਿੰਘ ਆਲਮਪੁਰ, ਸ੍ਰੀ ਕੇਸਰ ਸਿੰਘ ਮੋਰਿੰਡਾ, ਸ੍ਰੀ ਫਕੀਰ ਸਿੰਘ ਵਡਵਾਲੀ, ਸ੍ਰੀ ਬਲਵੀਰ ਸਿੰਘ ਥਾਣੇਦਾਰ, ਸ੍ਰੀ ਕਿਸ਼ੋਰ ਕੁਮਾਰ, ਸ੍ਰੀ ਭਜਨ ਸਿੰਘ ਅਲੀਪੁਰ, ਸ੍ਰੀ ਜਸਵੀਰ ਸਿੰਘ ਖਵਾਸਪੁਰ, ਸ੍ਰੀ ਖੁਸ਼ਹਾਲ ਸਿੰਘ ਖਵਾਸਪੁਰ, ਸ਼੍ਰੀ ਰਾਮ ਪ੍ਰਕਾਸ਼ ਸਿੰਘ ਮੈਨੇਜਰ ਆਦਿ ਵੀ ਹਾਜ਼ਰ ਸਨ।

# ਪੀੜ੍ਹਤ ਲੋਕਾਂ ਲਈ ਅਮਰੀਕਾ 'ਚ 'ਨੈਸ਼ਨਲ ਡੇਅ ਆਫ ਪ੍ਰੇਅਰ' ਦਾ ਐਲਾਨ

**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਤਵਾਰ ਨੂੰ ਰਾਸ਼ਟਰੀ ਪ੍ਰਾਰਥਨਾ ਦਿਵਸ ਐਲਾਨਿਆ ਹੈ। ਉਨ੍ਹਾਂ ਦੇਸ਼ ਵਿਚ ਕੋਰੋਨਾ ਵਾਇਰਸ ਨਾਲ ਪ੍ਰਭਾਵਿਤ ਲੋਕਾਂ ਲਈ ਇਸ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਮਹਾਮਾਰੀ ਤਹਿਤ ਲੱਖਾਂ ਅਮਰੀਕੀ ਚਰਚਾਂ, ਮੰਦਰਾਂ, ਮਸਜਿਦਾਂ, ਸਭਾਵਾਂ ਤੇ ਹੋਰ ਪ੍ਰਾਰਥਨਾ ਘਰਾਂ 'ਚ ਇਕੱਤਰ ਨਹੀਂ ਹੋ ਪਾ ਰਹੇ। ਉੱਥੇ ਹੀ ਤੁਹਾਨੂੰ ਦੱਸ ਦੇਈਏ ਕਿ ਅਮਰੀਕਾ 'ਚ ਹੁਣ ਤਕ ਕੋਰੋਨਾ ਨਾਲ 58 ਲੋਕਾਂ ਦੀ ਮੌਤ ਹੋ ਚੁੱਕੀ ਹੈ ਤੇ 2,816 ਇਸ ਨਾਲ ਪ੍ਰਭਾਵਿਤ ਹਨ।

ਟਰੰਪ ਨੇ ਕਿਹਾ ਕਿ ਇਸ ਵਾਰ ਅਸੀਂ ਭਗਵਾਨ ਤੋਂ ਬੁੱਧੀ, ਆਰਾਮ ਤੇ ਸ਼ਕਤੀ ਪ੍ਰਦਾਨ ਕਰਨ ਲਈ ਪ੍ਰਾਰਥਨਾ ਨਹੀਂ ਕਰਾਂਗੇ ਬਲਕਿ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕਰਾਂਗੇ ਜਿਹੜੇ ਕੋਰੋਨਾ ਤੋਂ ਪ੍ਰਭਾਵਿਤ ਹਨ ਜਾਂ ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਇਸ ਵਾਇਰਸ ਦੇ ਸੰਕ੍ਰਮਣ ਕਾਰਨ ਖੋ ਦਿੱਤਾ ਹੈ।

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਕੋਰੋਨਾ ਟੈਸਟ ’ਚ ਨੇਗੇਟਿਵ ਪਾਏ ਗਏ ਡੋਨਾਲਡ ਟਰੰਪ

**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਰੋਨਾ ਟੈਸਟ ’ਚ ਨੇਗੇਟਿਵ ਪਾਏ ਗਏ ਹਨ। ਸਮਾਚਾਰ ਏਜੰਸੀ ਏਐੱਫਪੀ ਨੇ ਵ੍ਹਾਈਟ ਹਾਊਸ ਦੇ ਡਾਕਟਰਾਂ ਦੇ ਹਵਾਲੇ ਤੋਂ ਜਾਣਕਾਰੀ ਦਿੱਤੀ ਹੈ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਣਕਾਰੀ ਦਿੰਦਿਆਂ ਖ਼ੁਦ ਦੱਸਿਆ ਸੀ ਕਿ ਉਨ੍ਹਾਂ ਨੇ ਵੀ ਕੋਰੋਨਾ ਵਾਇਰਸ ਦਾ ਟੈਸਟ ਕਰਵਾਇਆ ਹੈ। ਬ੍ਰਾਜੀਲ ਦੇ ਅਧਿਕਾਰੀਆਂ ਨੂੰ ਮਿਲਣ ਤੋਂ ਬਾਅਦ ਟੈਸਟ ਨਾ ਕਰਵਾਉਣ ਸਬੰਧੀ ਟਰੰਪ, ਅਮਰੀਕੀ ਮੀਡੀਆ ਦੇ ਨਿਸ਼ਾਨੇ ’ਤੇ ਟਰੰਪ ਸਨ। ਟਰੰਪ ਜਿਨ੍ਹਾਂ ਅਧਿਕਾਰੀਆਂ ਨਾਲ ਮਿਲੇ ਸਨ, ਉਨ੍ਹਾਂ ਦਾ ਵਾਇਰਸ ਟੈਸਟ ਪੌਜ਼ਿਟੀਵ ਆਇਆ ਸੀ। ਦਰਅਸਲ,



ਪਿਛਲੇ ਹਫ਼ਤੇ ਟਰੰਪ ਫਲੋਰਿਡਾ ਦੇ ਇਕ ਰਿਜਾਰਟ ’ਚ ਬ੍ਰਾਜੀਲ ਦੇ ਰਾਸ਼ਟਰਪਤੀ ਜੇਰ ਬੋਲਸੋਨਾਰੋ ਤੇ ਉਨ੍ਹਾਂ ਦੇ ਪ੍ਰੈੱਸ ਸੇਕ੍ਰੇਟਰੀ ਫੈਬਿਓ ਵਾਜੇਨਗਾਰਟਨ ਨਾਲ ਮਿਲੇ ਸਨ। ਬ੍ਰਾਜੀਲ ਵਾਪਸ ਆਉਣ ਤੋਂ ਬਾਅਦ ਵਾਜੇਨਗਾਰਟਨ ਦਾ ਟੈਸਟ ਪੌਜ਼ਿਟੀਵ ਆਇਆ ਸੀ, ਜਦਕਿ ਬੋਲਸੋਨਾਰੋ ਦਾ ਟੈਸਟ ਨਿਗੇਟਿਵ ਆਇਆ ਸੀ।

ਟਰੰਪ ਨੇ ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ’ਚ ਆਯੋਜਿਤ ਇਕ ਪੱਤਰਕਾਰ ਸੰਮੇਲਨ ’ਚ ਕਿਹਾ ਸੀ, ’ਮੈਂ ਇਹ ਨਹੀਂ ਕਿਹਾ ਸੀ ਕਿ ਮੈਂ ਇਹ ਟੈਸਟ ਨਹੀਂ ਕਰਵਾਗਾਂ, ਪਰ ਇਹ ਇਸਲਈ ਨਹੀਂ ਕਿ ਮੈਂ ਕਿਸੇ ਨਾਲ ਮਿਲਿਆ ਸੀ ਜਾਂ ਨਹੀਂ। ਇਹ ਟੈਸਟ ਬਹੁਤ ਜਲਦ ਹੋਵੇਗਾ।’




ਮਾਈਕਲ ਓਡਵਾਇਰ ਕਹਿੰਦਾ ਸੀ ਕਿ ਮੈਂ ’ਗ਼ਦਰ ਦਾ ਝੰਡਾ ’ ਸੇਵਾ ਮੁਕਤੀ ਸਮੇਂ ’ਵਾਰ ਟਰੌਫੀ ’ ਵਜੋਂ ਇੰਗਲੈਂਡ ਲੈ ਆਇਆ ਹਾਂ। 13 ਅਪਰੈਲ 1919 ਨੂੰ ਹੋਏ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਅਸਲ ਜ਼ਿੰਮੇਵਾਰ ਮਾਈਕਲ ਓਡਵਾਇਰ 13, ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਸ਼ਹੀਦ ਉਧਮ ਸਿੰਘ ਵਲੋਂ ਮਾਰੀਆਂ ਦੋ ਗੋਲੀਆਂ ਲੱਗਣ ਨਾਲ ਕੁਝ ਮਿੰਟਾਂ ’ਚ ਜ਼ਮੀਨ ਤੇ ਢੇਰੀ ਹੋ ਗਿਆ (ਇੱਕ ਸਰੀਰ ਤੋਂ ਪਾਰ ਲੰਘੀ ਦੂਸਰੀ ਵਿੱਚ ਰਹਿ ਗਈ)। ਸ਼ਹੀਦ ਉਧਮ ਸਿੰਘ ਦੇ ਅੱਣਖੀ ਸਿਰੜ ਨੂੰ ਯਾਦ ਕਰਨਾ ਇੰਨਸਾਫ਼ ਪਸੰਦੀਆਂ ਦੇ ਫ਼ਰਜ਼ ਹਨ ।

# ਪ੍ਰਾਈਵੇਟ ਲੈਬਾਰਟਰੀਆਂ ਵਿੱਚ ਹੋਣਗੇ ਕਰੋਨਾਵਾਇਰਸ ਦੇ ਟੈਸਟ

ਨਵੀਂ ਦਿੱਲੀ- ਕਰੋਨਾਵਾਇਰਸ ਦੇ ਲਗਾਤਾਰ ਵਧਦੇ ਮਾਮਲਿਆਂ ਦੇ ਮੱਦੇਨਜ਼ਰ ਕੇਂਦਰੀ ਸਿਹਤ ਮੰਤਰਾਲੇ ਨੇ ਐਕਰੀਡੇਟਿਡ ਪ੍ਰਾਈਵੇਟ ਲੈਬਾਰਟਰੀਆਂ ਨੂੰ ਕੋਵਿਡ-19 ਦੇ ਟੈਸਟ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਸਰਕਾਰੀ ਲੈਬਾਰਟਰੀਆਂ ਵਿੱਚ ਇਹ ਟੈਸਟ ਕੀਤੇ ਜਾਣ ਦੀ ਆਗਿਆ ਹੈ ਅਤੇ ਕੇਂਦਰ ਸਰਕਾਰ ਇਸ ਬਿਮਾਰੀ ਨੂੰ ਠੱਲ੍ਹਣ ਲਈ ਲੈਬਾਰਟਰੀਆਂ ਦੀ ਸਮਰੱਥਾ ਵਧਾਉਣ ਲਈ ਪ੍ਰਬੰਧ ਕਰ ਰਹੀ ਹੈ। ਸਿਹਤ ਮੰਤਰਾਲੇ ਦੇ ਅਧਿ-ਕਾਰੀਆਂ ਨੇ ਕਿਹਾ ਕਿ ਕਰੋਨਾ ਦੇ ਟੈਸਟ ਕਰਨ ਲਈ ਲਗਪਗ 60 ਐਕਰੀਡੇਟਿਡ ਪ੍ਰਾਈਵੇਟ ਲੈਬਾਰਟਰੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜੇ ਲੈਬਾਰਟਰੀਆਂ ਦੇ ਨਾਮ ਤੈਅ ਨਹੀਂ ਕੀਤੇ ਗਏ ਪਰ ਇਸ ਸਬੰਧੀ ਪ੍ਰਕਿਰਿਆ ਜਾਰੀ ਹੈ।

ਇੰਡੀਅਨ ਕੌਂਸਲ ਆਫ ਮੈਡੀਕਲ ਰਿਚਰਸ (ਆਈਸੀਐੱਮਆਰ) ਦੇ ਮਹਾਮਾਰੀ ਵਿਗਿਆਨ ਤੇ ਲਾਗ ਦੇ ਰੋਗ ਵਿਭਾਗ ਦੇ ਮੁਖੀ ਰਾਮਨ ਆਰ ਗੰਗਾਖੇੜਕਰ ਨੇ ਦੱਸਿਆ ਕਿ ਭਾਰਤ ਪ੍ਰਤੀ ਦਿਨ 10 ਹਜ਼ਾਰ ਟੈਸਟ ਕਰ ਸਕਦਾ ਹੈ। ਲੈਬਾਰਟਰੀਆਂ ਦੀ ਥੁੜ੍ਹ ਨਹੀਂ ਹੈ। ਉਨ੍ਹਾਂ 52 ਲੈਬਾਰਟਰੀਆਂ ਤਿਆਰ ਕੀਤੀਆਂ ਹੋਈਆਂ ਹਨ। ਰੋਜ਼ਾਨਾ 600 ਸੈਂਪਲਾਂ ਦੀ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੌਜੂਦਾ ਸਮੇਂ 60 ਹਜ਼ਾਰ ਜਾਂਚ ਕਿੱਟਾਂ ਉਪਲੱਭਧ ਹਨ ਅਤੇ ਦੋ ਲੱਖ ਵਾਧੂ ਕਿੱਟਾਂ ਦਾ ਆਰਡਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੱਖ ਵੱਖ ਹਸਪਤਾਲਾਂ ਵਿੱਚ ਦਾਖ਼ਲ ਵਾਇਰਸ ਨਾਲ ਮਿਲਦੇ-ਜੁਲਦੇ ਲੱਛਣਾਂ ਵਾਲੇ ਮਰੀਜ਼ਾਂ ਦੇ 1,040 ਦੇ ਕਰੀਬ ਸੈਂਪਲ ਲਏ ਗਏ ਹਨ ਅਤੇ ਉਨ੍ਹਾਂ ਦੀ ਜਾਂਚ ਕੀਤੀ ਗਈ ਹੈ। ਇਨ੍ਹਾਂ ਵਿੱਚੋਂ ਹੁਣ ਤੱਕ ਕੋਈ ਟੈਸਟ ਪਾਜ਼ੇਟਿਵ ਨਹੀਂ ਮਿਲਿਆ। ਸਾਰੇ



ਸੈਂਪਲਾਂ ਦੀ ਫਾਈਨਲ ਰਿਪੋਰਟ ਬੁੱਧਵਾਰ ਨੂੰ ਮਿਲ ਜਾਵੇਗਾ। ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਲੋਕਾਂ ਨੂੰ ਮਹਾਮਾਰੀ ਤੋਂ ਨਾ ਡਰਨ ਦੀ ਨਸੀਹਤ ਦਿੱਤੀ।

**ਆਈਸੀਐੱਮਆਰ ਟੈਸਟਿੰਗ ਲੈਬਾਰਟਰੀਆਂ ਕਰੇਗਾ ਦੂੱਗਣੀਆਂ**

ਮੈਡੀਕਲ ਖੋਜ ਬਾਰੇ ਭਾਰਤੀ ਕੌਂਸਲ (ਆਈਸੀਐੱਮਆਰ) ਨੇ ਨੋਵੇਲ ਕਰੋਨਾਵਾਇਰਸ ਨਾਲ ਸਬੰਧਤ ਕੇਸਾਂ ਦੀ ਟੈਸਟਿੰਗ ਲਈ ਲੈਬਾਰਟਰੀਆਂ ਨੂੰ ਦੁੱਗਣਾ ਕਰਨ ਦਾ ਐਲਾਨ ਕੀਤਾ ਹੈ। ਸਿਹਤ ਖੋਜ ਵਿਭਾਗ ’ਚ ਸਕੱਤਰ ਡਾ.ਬਲਰਾਮ ਭਾਰਗਵ ਨੇ ਕਿਹਾ, ’ਇਸ ਹਫ਼ਤੇ ਦੇ ਅੰਤ ਤਕ ਕੋਵਿਡ-19 ਦੀ ਟੈਸਟਿੰਗ ਲਈ 72 ਆਈਸੀਐੱਮਆਰ ਲੈਬਜ਼ ਚਾਲੂ ਕਰ ਦਿੱਤੀਆਂ ਜਾਣਗੀਆਂ। ਡੀਬੀਟੀ, ਡੀਆਰਡੀਓ, ਸੀ ਐੱਸ ਆਈ ਆਰ ਤੇ ਸਰਕਾਰੀ ਮੈਡੀਕਲ ਕਾਲਜ ਜਲਦੀ ਹੀ ਟੈਸਟਿੰਗ ਸ਼ੁਰੂ ਕਰ ਦੇਣਗੇ। ਐੱਨਏਬੀਐੱਲ ਤੋਂ ਮਾਨਤਾ ਪ੍ਰਾਪਤ 51 ਨਿੱਜੀ ਲੈਬਾਰਟਰੀਆਂ ਨਾਲ ਗੱਲਬਾਤ ਚੱਲ ਰਹੀ ਹੈ। ਆਈਸੀਐੱਮਆਰ ਵੱਲੋਂ ਅਸੀਂ ਉਨ੍ਹਾਂ (ਨਿੱਜੀ ਲੈਬਾਰਟਰੀਆਂ) ਨੂੰ ਅਪੀਲ ਕਰਦੇ ਹਾਂ ਦੇਸ਼ ਹਿੱਤ ਵਿੱਚ ਉਹ ਇਸ ਟੈਸਟ ਮੁਫ਼ਤ ਕਰਨ।’ ਡਾ.ਭਾਰਗਵ ਨੇ ਕਿਹਾ ਕਿ ਦੋ ਲੈਬਾਰਟਰੀਆਂ ਬਿਲਕੁਲ ਤਿਆਰ ਬਰ ਤਿਆਰ ਹਨ, ਜੋ ਰੋਜ਼ਾਨਾ 1400 ਨਮੂਨਿਆਂ ਦੀ ਜਾਂਚ ਕਰਨ ਦੇ ਸਮਰੱਥ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਅਜਿਹੀਆਂ ਹੋਰ ਮਸ਼ੀਨਾਂ ਖਰੀਦੀਆਂ ਜਾਣਗੀਆਂ। ਸੀਨੀਅਰ ਵਿਗਿਆਨੀ ਡਾ.ਨਿਵੇਦਿਤਾ ਗੁਪਤਾ ਨੇ ਕਿਹਾ ਕਿ ਟੈਸਟਿੰਗ ਦੇ ਕੰਮ ਨੂੰ ਦੇਸ਼ ਭਰ ਦੀਆਂ 51 ਆਈਸੀ-ਐੱਮਆਰ ਲੈਬਾਰਟਰੀਆਂ ’ਚ ਵੰਡਿਆ ਜਾਵੇਗਾ ਤਾਂ ਕਿ ਟੈਸਟਾਂ ਦੀ ਪੁਸ਼ਟੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਕਮਿਊਨਿਟੀ ਟਰਾਂਸਮਿਸ਼ਨ ਦੀ ਟੈਸਟਿੰਗ ਲਈ ਭੇਜੇ 500 ਨਮੂਨਿਆਂ (ਅਜਿਹੇ ਮਰੀਜ਼ ਜਿਨ੍ਹਾਂ ਦੀ ਵਿਦੇਸ਼ ਯਾਤਰਾ ਦੀ ਹਿਸਟਰੀ ਸੀ ਜਾਂ ਉਹ ਜਿਹੜੇ ਇਨ੍ਹਾਂ ਦੇ ਸੰਪਰਕ ਵਿੱਚ ਆਏ ਸਨ) ਦੇ ਪਹਿਲੇ ਬੈਚ ਦਾ ਨਤੀਜਾ ਨੈਗੇਟਿਵ ਰਿਹਾ ਹੈ।

## ਨਾਟਕ ‘ਸਾਖੀ’ ਮੁਲਤਵੀ

ਗੋਲਡਨ ਪੰਜਾਬ ਪ੍ਰੋਡਕਸ਼ਨ ਦੇ ਪ੍ਰਡਿਊਸਰ ਅਤੇ ਸਹਾਇਕ ਡਾਇਰੈਕਟਰ ਗਰਸ਼ਰਨ ਸਿੰਘ ਸੇਖੋਂ ਵਲੋਂ ਮਿਲੀ ਜਾਣਕਾਰੀ ਅਨੁਸਾਰ ਪ੍ਰਸਿੱਧ ਨਾਟਕਕਾਰ ਦਵਿੰਦਰ ਦਮਨ ਜੀ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ ਜੋ 21 ਮਾਰਚ ਨੂੰ ਐਲਸਬਰਾਂਟੇ ਡਿਆਂਜ਼ਾ ਹਾਈ ਸਕੂਲ ਵਿਚ ਖੇਡਿਆ ਜਾਣ ਵਾਲਾ ਨਾਟਕ ’ਕਰੋਨਾ ਵਾਇਰਸ’ ਕਾਰਨ ਬਣੀ ਹੋਈ ਸਥਿਤੀ ਨੂੰ ਮੁੱਖ ਰੱਖਦੇ ਹੋਏ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਗਿਆ ਹੈ। ਗੁਰਸ਼ਰਨ ਸਿੰਘ ਸੇਖੋਂ ਦਾ ਕਹਿਣਾ ਹੈ ਕਿ ਜੇ ਤੁਸੀਂ ਇਸ ਨਾਟਕ ਨੂੰ ਦੇਖਣ ਲਈ ਟਿਕਟ ਖ੍ਰੀਦ ਚੁੱਕੇ ਹੋ, ਉਨ੍ਹਾਂ ਨੂੰ ਫੋਨ ਕਰਕੇ ਪੈਸੇ ਵਾਪਸ ਲੈ ਸਕਦੇ ਹੋ ਅਤੇ ਜਾਂ ਫਿਰ ਅਗਲੇ ਸ਼ੋਅ ਤੱਕ ਸਾਂਭ ਕੇ ਰੱਖ ਸਕਦੇ ਹੋ। ਅਗਲੇ ਸ਼ੋਅ ਦੀ ਮਿਤੀ ਦਾ ਐਲਾਨ ਹਾਲਾਤ ਠੀਕ ਹੁੰਦੇ ਹੀ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਸੰਪਰਕ ਗੁਰਸ਼ਰਨ ਸਿੰਘ ਸੇਖੋਂ 510-707-1317

# ਅਮਰੀਕੀ ਕਾਂਗਰਸਮੈਨ ਖੰਨਾ ਵੱਲੋਂ ਐਨ ਆਰ ਸੀ ਲਾਗੂ ਕਰਨ ਵਿਰੁੱਧ ਚਿਤਾਵਨੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸੈਂਟਾ ਕਲਾਰਾ ਯੁਨੀਵਰਸਿਟੀ ਦੇ ਟਾਊਨ ਹਾਲ ਵਿਚ ਸੰਬੋਧਨ ਕਰਦਿਆਂ ਕਾਂਗਰਸਮੈਨ ਰੋ ਖੰਨਾ ਨੇ ਭਾਰਤ ਦੇ ਪ੍ਰਸਤਾਵਿਤ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਸ਼ਿੱਪ (ਐਨ ਆਰ ਸੀ) ਦੀ ਨਿੰਦਾ ਕੀਤੀ ਤੇ ਚਿਤਾਵਨੀ ਦਿੱਤੀ ਕਿ ਇਸ ਨਾਲ ਮੁਸਲਮਾਨਾਂ ਵਿਰੁੱਧ ਅਸਧਾਰਨ ਭੇਦਭਾਵ ਹੋਵੇਗਾ। ਉਨਾਂ ਕਿਹਾ ਕਿ ਮੈਂ ਨਾਗਰਿਕਤਾ ਸੋਧ ਕਾਨੂੰਨ ਤੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਸ਼ਿੱਪ ਦਾ ਵਿਰੋਧ ਕਰਦਾ ਹਾਂ। ਰੋ ਖੰਨਾ ਨੇ ਕਿਹਾ ਕਿ ਕਿਸੇ ਵੀ ਦੇਸ਼ ਵਿਚ ਅਜਿਹਾ ਰਜਿਸਟਰ ਨਹੀਂ ਹੈ ਜਿਥੇ ਲੋਕਾਂ ਨੂੰ ਇਹ ਕਿਹਾ ਗਿਆ ਹੋਵੇ ਕਿ ਉਹ ਅਜਿਹੇ ਦਸਤਾਵੇਜ਼ ਵਿਖਾਉਣ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਉਹ ਦੇਸ਼ ਦਾ ਹਿੱਸਾ ਹਨ। ਰੋ ਖੰਨਾ ਨੇ ਕਿਹਾ ਕਿ ਮੈਨੂੰ ਡਰ ਹੈ ਕਿ ਕਿਸੇ ਵੀ ਤਰਾਂ ਦੀ ਨੈਸ਼ਨਲ ਰਜਿਸਟਰੀ ਲਾਗੂ ਹੋਣ ਨਾਲ ਭਾਰਤ ਦੇ ਮੁਸਲਮਾਨਾਂ ਨਾਲ ਪੱਖਪਾਤ ਹੋਵੇਗਾ। ਉਨਾਂ ਕਿਹਾ ਕਿ ਮੈਂ ਨਾਗਰਿਕਤਾ ਸੋਧ ਕਾਨੂੰਨ ਦਾ ਵੀ ਵਿਰੋਧ ਕੀਤਾ ਸੀ ਬਿਲਕੁਲ ਉਸੇ ਤਰਾਂ ਜਿਸ ਤਰਾਂ ਮੈਂ ਅਮਰੀਕਾ ਵਿਚ ਲਾਈ ਪਾਬੰਦੀ ਖਿਲਾਫ ਬੋਲਦਿਆਂ ਕਿਹਾ ਸੀ ਕਿ ਤੁਸੀਂ ਧਾਰਮਿਕ ਆਧਾਰ ਉਪਰ ਕਿਸੇ ਨੂੰ ਦੇਸ਼ ਵਿਚ ਆਉਣ ਤੋਂ ਰੋਕ ਨਹੀਂ ਸਕਦੇ। ਉਨਾਂ ਕਿਹਾ ਕਿ ਇਹ ਗਲਤ ਨੀਤੀਆਂ ਹਨ ਜਿਸ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।




## ‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com



TANDOOR

Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212

Fax. 510-885-1532

# ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਵਿੱਚ ਪੇਂਡੂ ਦਲਿਤ ਔਰਤਾਂ ਦਾ ਦਰਦ ਬਿਆਨ ਕਰਦੀ ਪੁਸਤਕ ਰਿਲੀਜ਼

**ਪਟਿਆਲਾ (ਬਿਊਰੋ)–** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ-ਵਿਗਿਆਨ ਵਿਭਾਗ ਵਿਖੇ ਹੋਏ ਸਮਾਰੋਹ ਦੌਰਾਨ ਡਾ ਗਿਆਨ ਸਿੰਘ ਦੀ ਪੇਂਡੂ ਔਰਤਾਂ ਦਾ ਦਰਦ ਬਿਆਨ ਕਰਦੀ ਪੁਸਤਕ "ਖੀਸੇ ਖ਼ਾਲੀ, ਢਿੱਡ ਭੁੱਖੇ ਅਤੇ ਤਨ ਉੱਤੇ ਲਕੀਰਾਂ" ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਕਰਨ ਦੀ ਰਸਮ ਦਲਿਤ ਮਜ਼ਦੂਰ ਔਰਤ ਆਗੂਆਂ ਨੇ ਕੀਤੀ। ਇਸ ਦੌਰਾਨ ਪੁਸਤਕ ਸਬੰਧੀ ਪਰਚਾ ਪੜ੍ਹਦਿਆਂ ਉੱਘੇ ਚਿੰਤਕ ਅਤੇ ਸੀਨੀਅਰ ਪੱਤਰਕਾਰ ਹਮੀਰ ਸਿੰਘ, ਰਾਜੀਵ ਖੰਨਾ, ਜਗਤਾਰ ਸਿੱਧੂ, ਅਮਰਜੀਤ ਸਿੰਘ ਵੜੈਚ, ਗਿਆਨੀ ਕੇਵਲ ਸਿੰਘ, ਡਾ. ਬਲਵਿੰਦਰ ਟਿਵਾਣਾ, ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸੇਵੇਵਾਲਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਪਰਮਜੀਤ ਕੌਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀ ਬਿਮਲਾ ਕੌਰ , ਕਰਨੈਲ ਸਿੰਘ ਜਖੇਪਲ, ਵਿਦਿਆਰਥੀ ਆਗੂ ਬੇਅੰਤ ਸਿੰਘ ਨੇ ਕਿਹਾ ਕਿ ਦੇਸ਼ ਵਿੱਚ ਮਜ਼ਦੂਰ ਔਰਤਾਂ ਦੀ ਸਮਾਜਿਕ ਹਾਲਤ ਬੇਹੱਦ ਤਰਸਯੋਗ ਹੈ, ਇਸ ਕਰਕੇ ਮਜ਼ਦੂਰ ਅੰਦੋਲਨਾਂ 'ਚ ਔਰਤਾਂ ਦੀ ਸ਼ਮੂਲੀਅਤ ਸਮੇਂ ਦੀ ਲੋੜ ਹੈ। ਹਮੀਰ ਸਿੰਘ ਨੇ ਪੁਸਤਕ ਦੀ ਸਮੀਖਿਆ ਕਰਦਿਆਂ ਕਿਹਾ ਕਿ ਸਮਾਜ ਵਿਚ ਵਿਤਕਰਿਆਂ ਦੀ ਲੰਬੀ ਫ਼ਹਿਰਿਸਤ ਹੈ। ਅਮੀਰ-ਗਰੀਬ, ਪੜ੍ਹਿਆ-ਅਨਪੜ੍ਹ, ਸ਼ਹਿਰੀ-ਪੇਂਡੂ, ਮਰਦ-ਔਰਤ, ਜਾਤ-ਪਾਤ ਸਮੇਤ ਅਨੇਕ ਵਿਤਕਰਿਆਂ ਵਿਚ ਸਭ ਤੋਂ ਹਾਸ਼ੀਏ ਉੱਤੇ ਪੇਂਡੂ ਦਲਿਤ ਔਰਤ ਹੈ ਜੋ ਸਾਰੇ ਵਿਤਕਰਿਆਂ ਨੂੰ ਆਪਣੇ ਪਿੰਡੇ ਉੱਤੇ ਹੰਢਾਉਣ ਦਾ ਸੰਤਾਪ ਭੋਗਦੀ ਹੈ। ਆਜ਼ਾਦੀ ਦੇ ਸੱਤ ਦਹਾਕਿਆਂ ਬਾਅਦ ਵੀ ਵਿਕਾਸ ਇਨ੍ਹਾਂ ਦੇ ਜੀਵਨ ਵਿਚ ਦਾਖ਼ਲ ਹੋਣ ਤੋਂ ਕੰਨੀ ਕਤਰਾ ਰਿਹਾ ਹੈ। ਇਸ ਦੇ ਬਾਵਜੂਦ ਹਿੰਮਤ ਨਾ ਹਾਰਦਿਆਂ ਉਹ ਰੋਜ਼ੀ-ਰੋਟੀ ਦਾ ਜੁਗਾੜ ਕਰਨ ਲਈ ਦਿਨ ਰਾਤ ਮਿਹਨਤ ਮੁਸ਼ੱਕਤ ਕਰਕੇ ਆਪਣੇ ਪਰਿਵਾਰ ਨੂੰ ਅੱਗੇ ਤੋਰ ਰਹੀ ਹੈ।







ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ ਵਿਗਿਆਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਗਿਆਨ ਸਿੰਘ ਦੀ ਅਗਵਾਈ ਵਿਚ ਧਰਮ ਪਾਲ, ਵੀਰਪਾਲ ਕੌਰ, ਗੁਰਿੰਦਰ ਕੌਰ ਅਤੇ ਜੋਤੀ ਤੇ ਆਧਾਰਿਤ ਟੀਮ ਨੇ ਪੇਂਡੂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਬਾਰੇ ਸਰਵੇਖਣ ਕੀਤਾ ਹੈ। ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਦੁਆਰਾ ਸਪਾਂਸਰ ਇਸ ਸਰਵੇਖਣ ਵਿਚ ਸਾਲ 2016-17 ਆਧਾਰਿਤ ਅੰਕੜੇ ਪੇਸ਼ ਕੀਤੇ ਗਏ ਹਨ। ਇਸ ਰਿਪੋਰਟ ਦਾ ਕਿਤਾਬੀ ਰੂਪ 13 ਮਾਰਚ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। ਇਸ ਵਿਚ ਮਾਲਵਾ ਦੇ ਮਾਨਸਾ ਤੇ ਫਤਹਿਗੜ੍ਹ ਸਾਹਿਬ, ਦੋਆਬਾ ਵਿਚੋਂ ਜਲੰਧਰ ਅਤੇ ਮਾਝਾ ਖੇਤਰ ਵਿਚੋਂ ਅੰਮ੍ਰਿਤਸਰ, ਭਾਵ ਚਾਰ ਜ਼ਿਲ੍ਹਿਆਂ ਦੇ 29 ਬਲਾਕਾਂ ਵਿਚੋਂ ਇੱਕ ਇੱਕ ਪਿੰਡ ਚੁਣ ਕੇ ਸਰਵੇਖਣ ਕੀਤਾ ਗਿਆ ਹੈ।

ਰਿਪੋਰਟ ਮੁਤਾਬਿਕ ਔਰਤਾਂ ਦੀ ਗਿਣਤੀ ਭਾਵੇਂ ਅੱਧੀ ਹੈ ਪਰ ਉਨ੍ਹਾਂ ਦਾ ਕਿਰਤ ਸ਼ਕਤੀ ਵਿਚ ਹਿੱਸਾ ਸਿਰਫ ਇੱਕ-ਚੌਥਾਈ ਹੈ। ਆਰਥਿਕ ਮਜਬੂਰੀਆਂ ਕਰਕੇ ਉਨ੍ਹਾਂ ਦੀ ਕੰਮ ਵਿਚ ਹਿੱਸੇਦਾਰੀ ਵਧ ਰਹੀ ਹੈ। ਅਸੰਗਠਿਤ ਖੇਤਰ ਵਿਚ ਔਰਤ ਮਜ਼ਦੂਰਾਂ ਦੀ ਹਿੱਸੇਦਾਰੀ ਦਲਿਤ ਔਰਤਾਂ ਰਾਹੀਂ ਹੀ ਹੁੰਦੀ ਹੈ। ਆਮ ਤੌਰ ਉੱਤੇ ਅਖੌਤੀ ਉੱਚ ਸ਼੍ਰੇਣੀ ਦੀਆਂ ਔਰਤਾਂ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਲਈ ਬਹੁਤ ਸੰਘਰਸ਼ ਦੀ ਲੋੜ ਨਹੀਂ ਹੁੰਦੀ, ਇਸ ਲਈ ਉਨ੍ਹਾਂ ਦੀ ਕੰਮ ਵਿਚ ਹਿੱਸੇਦਾਰੀ ਦੀ ਦਰ ਘੱਟ ਰਹਿੰਦੀ ਹੈ। ਹੁਣ ਤੱਕ ਦੇ ਆਰਥਿਕ ਮਾਪਦੰਡ ਦੇ ਮੁਕਾਬਲੇ ਇਹ ਗੱਲ ਦਰੁਸਤ ਕਹੀ ਜਾ ਸਕਦੀ ਹੈ ਪਰ ਇਹ ਮਾਪਦੰਡ ਔਰਤ ਵਿਰੋਧੀ ਹੋ ਨਿਬੜਦੇ ਹਨ। ਜਯੰਤੀ ਘੋਸ਼ ਦੇ ਇੱਕ ਆਰਟੀਕਲ ਮੁਤਾਬਿਕ ਔਰਤਾਂ ਵੱਲੋਂ ਪਰਿਵਾਰ ਵਿਚ ਨਿਭਾਈ ਜਾਂਦੀ ਭੂਮਿਕਾ ਅਤੇ ਕੀਤੇ ਕੰਮਾਂ ਦਾ ਆਰਥਿਕ ਵਿਕਾਸ ਵਿਚ ਲੇਖਾ ਹੀ ਨਹੀਂ ਕੀਤਾ ਜਾਂਦਾ। ਅਸੀਂ ਕੰਮ ਕੇਵਲ ਘਰੋਂ ਬਾਹਰ ਜਾ ਕੇ ਕੀਤੇ ਜਾਂਦੇ ਕੰਮ ਨੂੰ ਹੀ ਸਮਝਦੇ ਹਾਂ। ਜੇਕਰ ਔਰਤਾਂ ਵੱਲੋਂ ਬਿਨਾਂ ਕੋਈ ਇਵਜ਼ਾਨਾ ਲਏ ਕੀਤੇ ਕੰਮਾਂ ਦਾ ਸਹੀ ਰੂਪ ਵਿਚ ਲੇਖਾ ਜੋਖਾ ਕੀਤਾ ਜਾਵੇ ਤਾਂ ਔਰਤਾਂ ਦੀ ਕੰਮ ਵਿਚ ਹਿੱਸੇਦਾਰੀ 80 ਫੀਸਦ ਤੱਕ ਪਹੁੰਚ ਜਾਵੇਗੀ।

ਇਸ ਪੁਸਤਕ ਵਿਚ ਇਹ ਖੁਲਾਸਾ ਹੋਇਆ ਹੈ ਕਿ ਤਕਰੀਬਨ ਦੋ-ਤਿਹਾਈ ਪੇਂਡੂ ਦਲਿਤ ਔਰਤਾਂ ਅਨਪੜ੍ਹ ਹਨ ਅਤੇ ਪੜ੍ਹੀਆਂ ਲਿਖੀਆਂ ਵਿਚੋਂ ਵੀ ਬਹੁਤੀਆਂ ਪੰਜ ਪਾਸ ਹਨ। ਇਸ ਦਾ ਅਸਰ ਸਿਆਸੀ ਜਾਗਰੂਕਤਾ ਉੱਤੇ ਪੈਣਾ ਵੀ ਸੁਭਾਵਿਕ ਹੈ। ਸਰਵੇਖਣ ਅਧੀਨ ਆਈਆਂ ਔਰਤਾਂ ਵਿਚੋਂ 91ਵੇਂ ਫੀਸਦ ਨੂੰ ਘੱਟੋ-ਘੱਟ ਉਜਰਤ ਕਾਨੂੰਨ ਅਤੇ ਕੰਮ ਦੇ ਘੰਟੇ ਨਿਸਚਤ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਵਿਚੋਂ 96 ਫੀਸਦ ਤੋਂ ਵੱਧ ਦਾ ਦੇਸ਼, ਸੂਬੇ ਜਾਂ ਸਥਾਨਕ ਸਿਆਸਤ ਵਿਚ ਕੋਈ ਦਿਲਚਸਪੀ ਨਹੀਂ। 92 ਫੀਸਦ ਨੂੰ ਸੂਬੇ ਦੇ ਮੁੱਖ ਮੰਤਰੀ ਦੇ ਨਾਮ ਦਾ ਨਹੀਂ ਪਤਾ ਅਤੇ 98 ਫੀਸਦ ਨੂੰ ਹਰ ਸਮੇਂ 'ਮਨ ਕੀ ਬਾਤ' ਕਰਨ ਵਾਲੇ ਪ੍ਰਧਾਨ ਮੰਤਰੀ ਦੇ ਨਾਮ ਦਾ ਵੀ ਨਹੀਂ ਪਤਾ। ਵੋਟਾਂ ਵੇਲੇ ਉਹ ਆਪਣੇ ਪਰਿਵਾਰ ਦੇ ਮਰਦ ਮੈਂਬਰਾਂ ਦੇ ਕਹੇ ਅਨੁਸਾਰ ਹੀ ਵੋਟ ਦਿੰਦੀਆਂ ਹਨ। ਸਥਾਨਕ ਪੰਚਾਇਤੀ ਪੱਧਰ ਉੱਤੇ ਜੇ ਰਾਖਵਾਂਕਰਨ ਕਰਕੇ ਮੈਂਬਰ ਜਾਂ ਸਰਪੰਚ ਚੁਣੀਆਂ ਵੀ ਜਾਂਦੀਆਂ ਹਨ ਤਾਂ ਵੀ ਉਨ੍ਹਾਂ ਦੇ ਨਾਮ ਉੱਤੇ ਕਥਿਤ ਉੱਚ ਸ਼੍ਰੇਣੀ ਦੇ ਲੋਕ ਹੀ ਇਨ੍ਹਾਂ ਅਹੁਦਿਆਂ ਦੀ ਵਰਤੋਂ ਕਰਦੇ ਹਨ। ਵੈਸੇ ਇਹ ਗੱਲ ਵੀ ਠੀਕ ਹੈ ਕਿ ਜਨਰਲ ਵਰਗ ਦੀਆਂ ਔਰਤਾਂ ਲਈ ਵੀ ਪੰਜਾਬ ਵਿਚ ਅਜੇ ਸਰਪੰਚੀ ਜਾਂ ਪੰਚੀ ਕਰਨ ਦਾ ਮਾਹੌਲ ਸਾਜ਼ਗਰ ਨਹੀਂ ਹੈ। ਉਨ੍ਹਾਂ ਦੀ ਜਗ੍ਹਾ ਵੀ ਮਰਦ ਹੀ ਇਨ੍ਹਾਂ ਅਹੁਦਿਆਂ ਦੀ ਵਰਤੋਂ ਕਰਦੇ ਹਨ। ਸਰਵੇਖਣ ਇਹ ਵੀ ਦੱਸਦਾ ਹੈ ਕਿ 96 ਫੀਸਦ ਤੋਂ ਵੱਧ ਦਲਿਤ ਔਰਤ ਮਜ਼ਦੂਰ ਪਰਿਵਾਰ ਕਰਜ਼ੇ ਦੇ ਬੋਝ ਹੇਠ ਹਨ। ਇਨ੍ਹਾਂ ਪਰਿਵਾਰਾਂ ਸਿਰ ਔਸਤ ਕਰਜ਼ਾ 54342.98 ਰੁਪਏ ਹੈ। ਦੇਖਣ ਨੂੰ ਇਹ ਕਰਜ਼ਾ ਬਹੁਤਾ ਨਹੀਂ ਲਗਦਾ ਪਰ ਇਨ੍ਹਾਂ ਨੂੰ ਕੋਈ ਸੰਸਥਾ ਕਰਜ਼ਾ ਦੇਣ ਲਈ ਤਿਆਰ ਨਹੀਂ; ਇਸ ਕਰਕੇ ਇਨ੍ਹਾਂ ਪਰਿਵਾਰਾਂ ਨੂੰ ਤੰਗੀ ਤੁਰਸ਼ੀ ਦੀ ਅਸਹਿ ਪੀੜ ਵਿਚੋਂ ਗੁਜ਼ਰਨਾ ਪੈਂਦਾ ਹੈ। ਮਾਹਰ ਗਰੁੱਪ ਦੇ ਮਾਪਦੰਡ ਅਨੁਸਾਰ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਕੁੱਲ ਜੀਆਂ ਵਿਚੋਂ 92 ਫੀਸਦ ਤੋਂ ਵੱਧ ਜੀਅ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਤੇਂਦੁਲਕਰ ਕਮੇਟੀ ਦੇ ਮਾਪਦੰਡ ਅਨੁਸਾਰ 57.71 ਫੀਸਦ ਜੀਅ ਗਰੀਬੀ ਰੇਖਾ ਤੋਂ ਹੇਠਾਂ ਹਨ। ਜੀਵਨ ਦੀਆਂ ਮੁਢਲੀਆਂ ਲੋੜਾਂ ਪੂਰਾ ਕਰਨ ਤੱਕ ਹੀ ਸੀਮਤ ਰਹਿੰਦਿਆਂ ਵੀ ਇਨ੍ਹਾਂ ਪਰਿਵਾਰਾਂ ਨੂੰ ਸਾਲਾਨਾ ਔਸਤਨ 9358 ਰੁਪਏ ਦਾ ਘਾਟਾ ਸਹਿਣਾ ਪੈ ਰਿਹਾ ਹੈ, ਭਾਵ ਉਨ੍ਹਾਂ ਲੋੜਾਂ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਮਗਨਰੇਗਾ ਤੋਂ ਉਮੀਦ ਬਣੀ ਸੀ ਪਰ ਇਸ ਨੂੰ ਸਹੀ ਰੂਪ ਵਿਚ ਲਾਗੂ ਨਾ ਕਰਨ ਕਰਕੇ ਦਲਿਤ ਮਜ਼ਦੂਰ ਔਰਤਾਂ ਨੂੰ ਇਸ ਦਾ ਬਹੁਤਾ ਲਾਭ ਨਹੀਂ ਹੋਇਆ।

ਆਰਥਿਕ ਅਤੇ ਸਿਆਸੀ ਖੇਤਰ ਵਿਚ ਹਾਸ਼ੀਏ ਉੱਤੇ ਧੱਕੀਆਂ ਇਨ੍ਹਾਂ ਔਰਤਾਂ ਨੂੰ ਘਰੇਲੂ ਪੱਧਰ ਉੱਤੇ ਵੀ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਰਾ ਦਿਨ ਦਿਹਾੜੀ ਤੋਂ ਬਾਅਦ ਘਰ ਆ ਕੇ ਬਾਲਣ, ਪੱਠੇ ਲਿਆਉਣ, ਪਾਣੀ ਭਰਨ, ਖਾਣਾ ਬਣਾਉਣ, ਸਫਾਈ ਕਰਨ, ਬੱਚੇ ਸੰਭਾਲਣ, ਪਸ਼ੂ ਪਾਲਣ ਆਦਿ ਦਾ ਕੰਮ ਵੀ ਸਬੰਧਿਤ ਔਰਤ ਨੂੰ ਕਰਨਾ ਪੈਂਦਾ ਹੈ। ਬਹੁਤ ਘਰਾਂ ਵਿਚ ਪਤੀ-ਪਤਨੀ ਦੇ ਸਬੰਧ ਤਣਾਅ ਵਾਲੇ ਹਨ।

ਨਸ਼ਾ ਇਨ੍ਹਾਂ ਸਬੰਧਾਂ ਲਈ ਵੱਡਾ ਜ਼ਿੰਮੇਵਾਰ ਹੈ। ਜਿਨ੍ਹਾਂ ਪਰਿਵਾਰਾਂ ਵਿਚ ਪਤੀ ਨਸ਼ੇੜੀ ਹੁੰਦੇ ਹਨ, ਇਨ੍ਹਾਂ ਔਰਤਾਂ ਦੇ ਬਿਮਾਰ ਹੋਣ ਸਮੇਂ ਵੀ ਬਹੁਤੇ ਪਤੀ ਹਮਲਾਵਰਾਂ ਵਾਂਗ ਵਿਹਾਰ ਕਰਦੇ ਹਨ। ਸਰਵੇਖਣ ਵਿਚ ਇਨ੍ਹਾਂ ਦੇ ਸੰਤਾਪ ਦੇ ਕਾਰਨਾਂ ਨੂੰ ਦੂਰ ਕਰਨ ਲਈ ਕਈ ਸੁਝਾਅ ਵੀ ਦਿੱਤੇ ਗਏ ਹਨ। ਇਹ ਪੁਸਤਕ ਨੀਤੀਗਤ ਫੈਸਲੇ ਕਰਨ ਵਿਚ ਸਹਾਈ ਹੋ ਸਕਦੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੀਨੀਅਰ ਪੱਤਰਕਾਰ ਅਦਿੱਤਿਆ ਕਾਂਤ, ਡਾ. ਸਰਬਜੀਤ ਸਿੰਘ, ਡਾ. ਕੁਲਦੀਪ ਸਿੰਘ, ਡਾ. ਜਸਦੀਪ ਤੂਰ, ਡਾ. ਰੁਪਿੰਦਰ, ਡਾ. ਰਾਬਿਤਾ ਹਾਜ਼ਰ ਸਨ।

# ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਡਾ ਸੁਖਪਾਲ ਸਿੰਘ ਦੀ ਪ੍ਰਧਾਨਗੀ ਹੇਠ ਸਮਾਗਮ ਆਯੋਜਿਤ






**ਬ੍ਰਿਸਬੇਨ–** ਆਸਟਰੇਲੀਆ ਦੀ ਨਾਮਵਰ ਸਾਹਿਤਕ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਵੱਲੋਂ ਇਨ੍ਹੀ ਦਿਨੀਂ ਆਸਟਰੇਲੀਆ ਆਏ ਪੰਜਾਬੀ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਸੰਬੰਧਿਤ ਉੱਘੇ ਚਿੰਤਕ ਅਤੇ ਅਰਥ ਸ਼ਾਸਤਰੀ ਡਾ ਸੁਖਪਾਲ ਸਿੰਘ ਦੀ ਪ੍ਰਧਾਨਗੀ ਹੇਠ ਇਕ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਸਥਾਨਿਕ ਲੇਖਕਾਂ ਅਤੇ ਪੀ ਏ ਯੂ ਦੇ ਪੁਰਾਣੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਡਾ ਸੁਖਪਾਲ ਸਿੰਘ ਹੁਰਾਂ ਨੇ ਪੰਜਾਬ ਦੇ ਕਿਸਾਨੀ ਸੰਕਟ ਅਤੇ ਖੇਤੀ-ਬਾੜੀ ਦੇ ਧੰਦੇ ਵਿੱਚ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਗੱਲ ਕੀਤੀ। ਪੰਜਾਬ ਵਿੱਚ ਖੇਤੀ-ਬਾੜੀ ਦੀਆਂ ਸਮੱਸਿਆਵਾਂ ਅਤੇ ਸੀਮਾਵਾਂ ਬਾਰੇ ਬਹੁਤ ਸਾਰੇ ਨੁਕਤੇ ਸ੍ਰੋਤਿਆਂ ਨਾਲ ਸਾਂਝੇ ਕਰਦਿਆਂ ਉਨ੍ਹਾਂ ਨੇ ਯੁਵਾ ਵਰਗ ਵਿੱਚ ਪਰਵਾਸ ਦੇ ਰੁਝਾਣ ਨੂੰ ਇਸ ਨਾਲ ਜੋੜਿਆ। ਡਾ ਸੁਖਪਾਲ ਸਿੰਘ ਨੇ ਪਿਛਲੇ ਸਰਵਿਆਂ ਅਤੇ ਅੰਕੜਿਆਂ ਦੇ ਆਧਾਰ ਤੇ ਪੰਜਾਬ ਦੇ ਵੱਖ ਵੱਖ ਸੰਕਟਾਂ ਦੀਆਂ ਜ਼ਮੀਨੀ ਹਕੀਕਤਾਂ ਨੂੰ ਪੇਸ਼ ਕੀਤਾ। ਮੰਡੀ ਦੀ ਵਿਵਸਥਾ ਵਿੱਚ ਕਿਸਾਨੀ ਦੀ ਮੰਦੇਹਾਲੀ ਦੇ ਅਸਲ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਬਹੁਤ ਨਵੀਂ ਅਤੇ ਤੱਥਾਂ ਭਰਪੂਰ ਜਾਣਕਾਰੀ ਦਿੱਤੀ। ਇਪਸਾ ਵੱਲੋਂ ਡਾ ਸੁਖਪਾਲ ਸਿੰਘ ਨੂੰ ਆਪਣੇ ਜੀਵਨ ਭਰ ਦੇ ਅਧਿਆਪਨ, ਖੋਜ ਅਤੇ ਲੇਖਣ ਕਾਰਜਾਂ ਲਈ ਐਵਾਰਡ ਆਫ਼ ਆਨਰ ਦਿੱਤਾ ਗਿਆ।

BERKSHIRE HATHAWAY
BH HS BERKSHIRE HATHAWAY HOMESERVICES
Home Services

Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828

## ਅਮਰੀਕਾ ਦੀ ਅੱਧੀ ਆਬਾਦੀ 'ਤੇ ਮੰਡਰਾ ਰਹੇ ਨੇ ਕੋਰੋਨਾ ਦੇ ਖ਼ਤਰੇ ਦੇ ਬਦਲ

(ਸਫਾ 1 ਦੀ ਬਾਕੀ)

ਵਿਦਿਆਰਥੀਆਂ ਵਿਚ ਚਿੰਤਾ ਇਸ ਗੱਲ ਨੂੰ ਲੈ ਕੇ ਹੈ ਕਿ ਕੀ ਉਹ ਘਰ ਮੁੜਨ ਦਾ ਖ਼ਰਚ ਚੁੱਕ ਸਕਦੇ ਹਨ? ਜਦਕਿ ਅੰਤਰਰਾਸ਼ਟਰੀ ਵਿਦਿਆਰਥੀ ਆਨਲਾਈਨ ਕਲਾਸਾਂ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਉਨ੍ਹਾਂ ਦੇ ਵੀਜ਼ੇ ਵਿਚ ਆਮ ਤੌਰ 'ਤੇ ਆਨਲਾਈਨ ਕਲਾਸਾਂ ਦੀ ਇਜਾਜ਼ਤ ਨਹੀਂ ਹੈ। ਖੋਜ ਨਾਲ ਜੁੜੇ ਵਿਦਿਆਰਥੀ ਆਪਣੇ ਪ੍ਰਾਜੈਕਟ 'ਤੇ ਪੈਣ ਵਾਲੇ ਪ੍ਰਭਾਵ ਨੂੰ ਲੈ ਕੇ ਪਰੇਸ਼ਾਨ ਹਨ।

## ਪੰਜਾਬ 'ਚ ਮੈਰਿਜ ਪੈਲੇਸ, ਕਿਸਾਨ ਮੰਡੀਆਂ, ਮਾਰਕੀਟਾਂ, ਸਕੂਲ-ਕਾਲਜ ਬੰਦ

(ਸਫਾ 1 ਦੀ ਬਾਕੀ)

ਮੰਡੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਮੰਤਰੀ ਸਮੂਹ ਨੇ ਲੋਕਾਂ ਦੀ ਸਹੂਲਤ ਲਈ ਰੇਹੜੀ ਵਾਲਿਆਂ ਨੂੰ ਗਲੀ/ਮੁਹੱਲਿਆਂ ਵਿਚ ਸਬਜ਼ੀ ਵੇਚਣ ਦੀ ਆਗਿਆ ਦੇ ਦਿੱਤੀ ਹੈ। ਮੰਤਰੀ ਸਮੂਹ ਨੇ ਸਕੂਲ ਸਿੱਖਿਆ ਵਿਭਾਗ ਅਤੇ ਨਿੱਜੀ ਵਿਦਿਅਕ ਸੰਸਥਾਵਾਂ ਦੇ ਪ੍ਰਬੰਧਕੀ ਅਦਾਰਿਆਂ ਨੂੰ ਵੀ ਪ੍ਰੀਖਿਆਵਾਂ ਮੁਲਤਵੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਜੇ ਪ੍ਰੀਖਿਆਵਾਂ ਕਰਵਾਉਣ ਦੀ ਸਖ਼ਤ ਜਰੂਰਤ ਹੈ ਤਾਂ ਉਹ ਸੰਸਥਾਵਾਂ ਅਤੇ ਸਕੂਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੂਚਿਤ ਕਰਨਗੇ ਅਤੇ ਇਹ ਵੀ ਯਕੀਨੀ ਬਣਾਉਣਗੇ ਕਿ ਦੋ ਵਿਦਿਆਰਥੀਆਂ ਵਿਚਕਾਰ ਇਕ ਮੀਟਰ ਦੀ ਦੂਰੀ ਰੱਖੀ ਜਾਵੇ। ਮੰਤਰੀ ਸਮੂਹ ਨੇ ਸੂਬੇ ਦੀ ਮੌਜੂਦਾ ਸਥਿਤੀ ਦਾ ਜਾਇਜ਼ ਲਿਆ ਅਤੇ ਨਿਰਧਾਰਤ ਦਵਾਈਆਂ ਦੀ ਉਪਲਬਧਤਾ ਅਤੇ ਮਹੱਤਵਪੂਰਨ ਸਥਾਨਾਂ 'ਤੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀ ਤਾਇਨਾਤੀ ਦਾ ਵੀ ਜਾਇਜ਼ ਲਿਆ। ਮੰਤਰੀ ਸਮੂਹ ਨੇ ਇਸ ਤੱਥ 'ਤੇ ਗੰਭੀਰਤਾ ਜਾਹਰ ਕੀਤੀ ਕਿ ਕੋਵਿਡ-19 ਨੇ ਸਾਰੇ ਯੂਰਪ ਵਿੱਚ ਜਨ-ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਯੂਰਪ ਦੇ ਸਾਰੇ ਕਾਰੋਬਾਰ, ਸਿੱਖਿਆ ਸੰਸਥਾਵਾਂ, ਧਾਰਮਿਕ ਸੰਸਥਾਵਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਮੀਟਿੰਗ ਵਿੱਚ ਮੰਤਰੀ ਸਮੂਹ ਦੇ ਮੈਂਬਰ ਸ੍ਰੀ ਓਮ ਪ੍ਰਕਾਸ਼ ਸੋਨੀ, ਸ੍ਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸ੍ਰੀਮਤੀ ਰਜ਼ੀਆ ਸੁਲਤਾਨਾ, ਸ. ਬਲਬੀਰ ਸਿੰਘ ਸਿੱਧੂ, ਸ੍ਰੀ ਵਿਜੇ ਇੰਦਰ ਸਿੰਗਲਾ ਅਤੇ ਸ੍ਰੀ ਭਾਰਤ ਭੂਸ਼ਣ ਆਸ਼ੂ ਅਤੇ ਸਾਰੇ ਕੈਬਨਿਟ ਮੰਤਰੀਆਂ ਦੇ ਨਾਲ ਮੁੱਖ ਸਕੱਤਰ ਸ੍ਰੀ ਕਰਨ ਅਵਤਾਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਅਨੁਰਾਗ ਅਗਰਵਾਲ, ਮੈਡੀਕਲ ਸਿੱਖਿਆ ਅਤੇ ਖੋਜ ਦੇ ਪ੍ਰਮੁੱਖ ਸਕੱਤਰ ਸ੍ਰੀ ਡੀਕੇ ਤਿਵਾੜੀ, ਪੀਐੱਚਐੱਸਸੀ ਦੇ ਐੱਮਡੀ ਸ੍ਰੀ ਮਨਵੇਸ਼ ਸਿੰਘ ਸਿੱਧੂ, ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਸ੍ਰੀ ਭੁਪਿੰਦਰ ਸਿੰਘ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਅਵਨੀਤ ਕੌਰ ਸਾਮਲ ਸਨ।

# ਕੇਂਦਰ ਸਰਕਾਰ ਦੀਆਂ ਸੰਵਿਧਾਨ ਖਤਮ ਕਰਨ ਦੀਆਂ ਨੀਤੀਆਂ ਖਿਲਾਫ ਸੰਘਰਸ਼ ਕੀਤਾ ਜਾਵੇਗਾ













ਮਾਣਯੋਗ ਰਾਜਰਤਨ ਅੰਬੇਡਕਰ ਕੈਲੇਫੋਰਨੀਆ ਵਿਚ ਸ੍ਰੀ ਪ੍ਰੇਮ ਕੁਮਾਰ ਚੁੰਬਰ ਦੇ ਨਿਵਾਸ ਸਥਾਨ ਵਿਖੇ ਪਰਿਵਾਰਕ ਅਤੇ ਸਮਾਜਿਕ ਮੈਂਬਰਾਂ ਨਾਲ।

**ਔੜ–** ਗੁਰਦਾਸ ਰਾਮ ਭੁੱਟਾ ਵੈਲਫੇਅਰ ਟਰੱਸਟ ਦੇ ਚੇਅਰਮੈਨ ਅਤੇ ਸਰਪ੍ਰਸਤ ਪਰਮਜੀਤ ਰਾਮ ਅਮਰੀਕਾ ਵਾਸੀ ਵਲੋਂ ਪਿੰਡ ਗੜ੍ਹਪਧਾਣਾ ਵਿਖੇ ਭਾਰਤ ਰਤਨ ਡਾ: ਭੀਮ ਰਾਓ ਅੰਬੇਡਕਰ ਦੇ ਮਿਸ਼ਨ ਅਤੇ ਸੋਚ ਨੂੰ ਸਮਰਪਿਤ ਇਕ ਵਿਸ਼ਾਲ ਜਨ ਸਭਾ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬਤੌਰ ਮੁਖ ਮਹਿਮਾਨ ਪੁੱਜੇ ਬਾਬਾ ਸਾਹਿਬ ਜੀ ਦੇ ਪੜਪੋਤੇ ਸ਼੍ਰੀ ਰਾਜ ਰਤਨ ਅਸ਼ੋਕ ਅੰਬੇਡਕਰ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਬੀ.ਜੇ.ਪੀ.ਅਤੇ ਆਰ. ਐਸ. ਐਸ. ਦੀ ਸਰਕਾਰ ਸੀ.ਏ.ਏ./ਐਨ.ਆਰ.ਸੀ. ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਵਿਧਾਨ ਦੀ ਧਰਮ ਨਿਰਪੱਖਤਾ ਭਾਵਨਾ ਨੂੰ ਕੁਚਲ ਰਹੀ ਹੈ ਜਿਸ ਖਿਲਾਫ ਪੂਰਾ ਦੇਸ਼ ਸੜਕਾਂ 'ਤੇ ਅੰਦੋਲਨ ਕਰ ਰਿਹਾ ਹੈ। ਇਸ ਕਾਨੂੰਨ ਤਹਿਤ ਜਿਥੇ ਵਿਦੇਸ਼ਾਂ ਤੋਂ ਆਏ ਹਿੰਦੂਆਂ ਨੂੰ ਧੜਾਧੜ ਇਸ ਦੇਸ਼ ਦੇ ਨਾਗਰਿਕ ਬਣਾਇਆ ਜਾਵੇਗਾ ਜਦਕਿ ਸਦੀਆਂ ਤੋਂ ਰਹਿ ਰਹੇ ਕਰੋੜਾਂ ਲੋਕਾਂ ਨੂੰ ਨਾਗਰਿਕਤਾ ਸਿੱਧ ਕਰਨ ਲਈ ਲਾਈਨਾਂ ਵਿਚ ਲਾਇਆ ਜਾਵੇਗਾ।

1971 ਤੋਂ ਪਹਿਲਾਂ ਸਬੂਤਾਂ ਦੀ ਅਣਹੋਂਦ ਵਿਚ ਉਹਨਾਂ ਦੀ ਨਾਗਰਿਕਤਾ ਖਤਮ ਕਰਕੇ ਅਸਾਮ ਦੀ ਤਰਜ 'ਤੇ ਲੱਖਾਂ ਕਰੋੜਾਂ ਲੋਕਾਂ ਨੂੰ ਆਪਣੇ ਹੀ ਦੇਸ਼ ਵਿਚ ਸ਼ਰਨਾਰਥੀ ਬਣਾ ਕੇ ਡਿਟੈਂਸ਼ਨ ਸੈਂਟਰਾਂ ਵਿਚ ਭੇਜਿਆ ਜਾਵੇਗਾ ਅਤੇ ਉਹਨਾਂ ਦਾ ਵੋਟ ਓਅੰ ਦਾ ਅਧਿਕਾਰ, ਸਿਖਿਆ, ਰੋਜਗਾਰ ਜਾਤੀਵਾਦ ਖੋਹ ਲਈ ਜਾਵੇਗੀ ਅਤੇ ਵਿਦੇਸ਼ਾਂ ਤੋਂ ਆਏ ਹੋਏ ਹਿੰਦੂ ਵੋਟਾਂ ਪਾ ਕੇ ਬੀ ਜੇ ਪੀ ਦੀ ਸਰਕਾਰ ਬਨਾਉਣਗੇ।

ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਆਰ ਐਸ ਐਸ ਦੇਸ਼ ਵਿਚ ਫਿਰਕੂ ਤਣਾਅ ਪੈਦਾ ਕਰਕੇ ਦੇਸ਼ ਨੂੰ ਗ੍ਰਹਿ ਯੁੱਧ ਵਾਲੀ ਸਥਿਤੀ 'ਚ ਧੱਕ ਰਹਿ ਹੈ।

ਇਸ ਮੌਕੇ ਰਾਮ ਕਿਸ਼ਨ ਪੱਲੀ ਝਿੱਕੀ ਜਿਲਾ ਪ੍ਰਧਾਨ ਐਸ ਸੀ/ਬੀ ਸੀ ਟੀਚਰ ਯੂਨੀਅਨ, ਡਾ: ਕਸ਼ਮੀਰ ਚੰਦ, ਡਾ: ਥਿੰਦ , ਡਾ: ਰਾਹੁਲ ਜੱਸੀ, ਧਰਮਿੰਦਰ ਭੱਲਾ ਰਾਈ, ਮੋਹਨ ਸਰਪੰਚ, ਸੰਜੀਵ ਭੌਰਾ ਐਡਵੋਕੇਟ ,ਹਰਭਜਨ ਸੁਮਨ ਨੇ ਕੇਂਦਰ ਸਰਕਾਰ ਦੀਆਂ ਸੰਵਿਧਾਨ ਖਤਮ ਕਰਨ ਦੀਆਂ ਨੀਤੀਆਂ ਖਿਲਾਫ ਹਰ ਕੁਰਬਾਨੀ ਕਰਨ ਅਤੇ ਸੰਘਰਸ਼ ਕਰਨ ਲਈ ਸੱਦਾ ਦਿੱਤਾ। ਟਰੱਸਟ ਦੇ ਚੇਅਰਮੈਨ ਪਰਮਜੀਤ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

ਸਟੇਜ ਸਕੱਤਰ ਦੀ ਭੂਮਿਕਾ ਮਾ. ਸਤਪਾਲ ਰਟੈਂਡਾ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ ਲੇਖ ਰਾਜ , ਡਾ ਨਿਰੰਜਨ ਪਾਲ, ਡਾ ਅਜੇ ਬਸਰਾ, ਨਿਤਿਨ, ਜਸਵਿੰਦਰ, ਵਿਜੈ ਕੁਮਾਰ ਮੁਕੰਦਪੁਰ, ਅਮਰ ਕਟਾਰੀਆ, ਮੱਖਣ ਬਖਲੌਰ, ਡਾ ਜਸਵੀਰ ਚਾਹਲ, ਕ੍ਰਿਸ਼ਨ ਦੁੱਗਲ, ਨੰਬਰਦਾਰ ਬਾਬਾ ਸਿੰਘ, ਨੰਬਰਦਾਰ ਕਸ਼ਮੀਰ ਸਿੰਘ, ਮਾ: ਕਸ਼ਮੀਰ ਸਿੰਘ, ਸੰਤੋਖ ਜੱਸੀ ਸਰਪੰਚ ਹਾਜਰ ਸਨ।

# ਸਮਤਾ ਸੈਨਿਕ ਦਲ ਦਾ ਸਥਾਪਨਾ ਦਿਵਸ ਮਨਾਇਆ ਗਿਆ

**ਜਲੰਧਰ–** ਅੰਬੇਡਕਰ ਭਵਨ, ਅੰਬੇਡਕਰ ਮਾਰਗ (ਨਕੋਦਰ ਰੋਡ), ਜਲੰਧਰ ਵਿਖੇ ਆਲ ਇੰਡੀਆ ਸਮਤਾ ਸੈਨਿਕ ਦਲ ਦਾ ਸਥਾਪਨਾ ਦਿਵਸ ਬੜੀ ਧੂਮ ਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਮਸ਼ਹੂਰ ਅੰਬੇਡਕਰਵਾਦੀ, ਸੰਪਾਦਕ ਭੀਮ ਪਤ੍ਰਿਕਾ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਦੇ ਮੁੱਖ ਮਾਰਗਦਰਸ਼ਕ ਲਾਹੌਰੀ ਰਾਮ ਬਾਲੀ ਨੇ ਸਮਾਗਮ ਵਿਚ ਮੁਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਦਲ ਦੇ ਵਿੱਤ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਨੇ ਆਏ ਹੋਏ ਸੱਜਣਾ ਦਾ ਸਵਾਗਤ ਕੀਤਾ ਅਤੇ ਸਟੇਜ ਸੰਚਾਲਨ ਬਾਖੂਬੀ ਨਿਭਾਇਆ। ਸ਼੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਭਾਸ਼ਣ 'ਚ ਬੋਲਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ 13 ਮਾਰਚ, 1927 ਨੂੰ ਸਮਾਜਿਕ ਸਮਾਨਤਾ ਅਤੇ ਬਹੁਪੱਖੀ ਨਿਆਂ ਚਾਹੁਣ ਵਾਲੇ ਲੋਕਾਂ ਦੇ ਇੱਕ ਸਭਿਆਚਾਰਕ ਸੰਗਠਨ 'ਸਮਤਾ ਸੈਨਿਕ ਦਲ' ਦੀ ਸਥਾਪਨਾ ਕੀਤੀ ਗਈ। ਉਨ੍ਹਾਂ ਦੱਸਿਆ ਕਿ ਬਾਬਾ ਸਾਹਿਬ ਦੁਆਰਾ ਸਮੇਂ–ਸਮੇਂ 'ਤੇ ਰਾਜਨੀਤਕ ਸੰਗਠਨ ਬਣਾਏ ਗਏ ਜਿਵੇਂ 'ਡਿਪ੍ਰੈੱਸਡ ਕਲਾਸਿਜ਼ ਫੇਡਰੇਸ਼ਨ', 'ਸਵਤੰਤਰ ਮਜ਼ਦੂਰ ਪਾਰਟੀ', 'ਸ਼ਡਿਊਲਡ ਕਾਸਟ ਫੇਡਰੇਸ਼ਨ', ਅਤੇ ਰਿਪਬਲਿਕਨ ਪਾਰਟੀ ਆਫ਼ ਇੰਡੀਆ ਦੀ ਸੰਕਲਪਨਾ। ਇਸਦੇ ਨਾਲ–ਨਾਲ ਉਨ੍ਹਾਂ ਨੇ 'ਮੂਕਨਾਇਕ', 'ਬਹਿਸ਼ਕ੍ਰਿਤ ਭਾਰਤ', 'ਸਮਤਾ', 'ਜਨਤਾ' ਅਤੇ 'ਪ੍ਰਬੁੱਧ ਭਾਰਤ' ਵਰਗੇ ਸਮਾਚਾਰ ਪੱਤਰ ਸ਼ੁਰੂ ਕੀਤੇ. ਬਾਬਾ ਸਾਹਿਬ ਨੇ ਆਪਣੇ ਰਾਜਨੀਤਕ ਸੰਗਠਨਾਂ ਦੇ ਨਾਲ–ਨਾਲ ਸਮਾਚਾਰ ਪੱਤਰਾਂ ਦੇ ਨਾਮਾਂ ਵਿਚ ਵੀ ਪਰਿਵਰਤਨ ਕੀਤਾ ਪਰੰਤੂ ਇਨ੍ਹਾਂ ਤੋਂ ਪਹਿਲਾਂ ਸਥਾਪਿਤ 'ਸਮਤਾ ਸੈਨਿਕ ਦਲ' ਦੇ ਨਾਮ ਵਿਚ ਜਾਂ ਇਸਦੇ ਉਦੇਸ਼ਾਂ ਅਤੇ ਕਾਰਜਕ੍ਰਮ ਵਿਚ ਪਰਿਵਰਤਨ ਕਰਨ ਦੀ ਉਨ੍ਹਾਂ ਨੂੰ ਕਦੇ ਜਰੂਰਤ ਮਹਿਸੂਸ ਨਹੀਂ ਹੋਈ। ਇਸ ਤੋਂ ਪਤਾ ਲਗਦਾ ਹੈ ਕਿ ਬਾਬਾ ਸਾਹਿਬ ਡਾ. ਅੰਬੇਡਕਰ ਆਲ ਇੰਡੀਆ ਸਮਤਾ ਸੈਨਿਕ ਦਲ ਨੂੰ ਬਣਾਏ ਰੱਖਣਾ ਕਿੰਨਾ ਜਰੂਰੀ ਸਮਝਦੇ ਸਨ। ਸ਼੍ਰੀ ਬਾਲੀ ਨੇ ਕਿਹਾ ਕਿ ਸਮਤਾ ਸੈਨਿਕ ਦਲ ਦੇ ਯਤਨਾਂ ਅਤੇ ਸੰਘਰਸ਼ ਸਦਕਾ ਹੀ ਬਾਬਾ ਸਾਹਿਬ ਦਾ ਅਣਪ੍ਰਕਾਸ਼ਤ ਸਾਹਿਤ ਸਰਕਾਰ ਦੁਆਰਾ 'ਬਾਬਾ ਸਾਹਿਬ ਡਾ. ਅੰਬੇਡਕਰ ਰਾਈਟਿੰਗਸ ਐਂਡ ਸਪੀਚੇਸ' ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ, ਜਿਸ ਦੇ ਹੁਣ ਤਕ 22 ਖੰਡ ਪ੍ਰਕਾਸ਼ਿਤ ਹੋ ਚੁਕੇ ਹਨ। ਸ਼੍ਰੀ ਬਾਲੀ ਨੇ ਅੱਗੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੁਆਰਾ ਬਣਾਇਆ ਸੰਵਿਧਾਨ ਸਾਡਾ ਮਹਾਨ ਗਰੰਥ ਹੈ ਜੋ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਉੱਨਤੀ ਦਾ ਮਾਰਗ ਦਰਸ਼ਾਉਂਦਾ ਹੈ। ਇਸ ਵੇਲੇ ਦੇਸ਼ ਦੇ ਹਾਲਾਤ ਖ਼ਰਾਬ ਹਨ. ਸੰਵਿਧਾਨ ਨੂੰ ਬਦਲਣ ਲਈ ਦੇਸ਼ ਵਿੱਚ ਸਾਜ਼ਿਸ਼ਾਂ ਚੱਲ ਰਹੀਆਂ ਹਨ। ਅਸੀਂ ਲੋਕਾਂ ਕੋਲ ਜਾਈਏ ਅਤੇ ਉਨ੍ਹਾਂ ਨੂੰ ਹਾਲਾਤਾਂ ਬਾਰੇ ਜਾਣੂ ਕਰਾਈਏ। ਡਾ. ਅੰਬੇਡਕਰ ਤੋਂ ਬਿਨਾ ਕੋਈ ਵੀ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਨਓ ਹੀ ਪਰੋ ਸਕਦਾ ਜਿਸਦਾ ਸਬੂਤ ਦੇਸ਼ ਵਿਚ ਹਾਲ ਹੀ ਵਿਚ ਹੋ ਰਹੇ ਅੰਦੋਲਨ ਹਨ. ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਦਲ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਵੱਡੀ ਗਿਣਤੀ ਵਿਚ ਸਮਤਾ ਸੈਨਿਕ ਦਲ ਦੇ ਮੈਂਬਰ ਬਣਨ ਲਈ ਅਪੀਲ ਕੀਤੀ।



ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਵਰਿੰਦਰ ਕੁਮਾਰ, ਨੀਤੀਸ਼, ਚਮਨ ਲਾਲ, ਕ੍ਰਿਸ਼ਨ ਕਲਿਆਣ, ਸੋਨੂ ਜੈਤੇਵਾਲੀ, ਹਰਮੇਸ਼ ਜੱਸਲ, ਪ੍ਰੋਫੈਸਰ ਤੀਰਥ ਬਸਰਾ, ਸੁਖਵਿੰਦਰ ਕੌਰ ਅਤੇ ਸੁਨੀਤਾ ਭਾਰਦਵਾਜ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

**ਬਲਦੇਵ ਰਾਜ ਭਾਰਦਵਾਜ**
**(ਜਨਰਲ ਸਕੱਤਰ)**

# ਬੋਧੀ ਸੰਸਕਾਰਾਂ ਵੱਲ ਵੱਧ ਰਿਹਾ ਹੈ ਬਹੁਜਨ ਸਮਾਜ

**ਸੂਰਤਗੜ੍ਹ–** ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਬੁੱਧ ਦਾ ਭਾਰਤ ਸੁਪਨਾ ਹਾਲੇ ਪੂਰਾ ਤਾਂ ਨਹੀਂ ਹੋਇਆ ਹੈ ਪਰ ਇਸਦੀ ਸ਼ੁਰੂਆਤ ਹੁਣ ਹੋ ਗਈ ਹੈ। ਹਾਲਾਂਕਿ ਬਾਬਾ ਸਾਹਿਬ ਨੇ 13 ਅਕਤੂਬਰ 1956 ਨੂੰ ਨਾਗਪੁਰ ਵਿਚ ਆਪਣੇ ਲੱਖਾਂ ਅਨੁਯਾਈਆਂ ਦੇ ਨਾਲ ਬੁੱਧ ਧਰਮ ਅਪਣਾ ਕੇ ਅਤੇ 14 ਅਕਤੂਬਰ 1956 ਨੂੰ ਚੰਦਪੁਰ (ਮਹਾਰਾਸ਼ਟਰ) ਵਿਚ ਆਪਣੇ 10 ਲੱਖ ਤੋਂ ਜ਼ਿਆਦਾ ਅਨੁਯਾਈਆਂ ਦੇ ਨਾਲ ਬੁੱਧ ਧਰਮ ਦੀ ਦੀਖਿਆ ਦੇ ਕੇ 22 ਪ੍ਰਤਿਗਿਆਵਾਂ ਦਾ ਸੰਕਲਪ ਦਿਵਾਇਆ ਸੀ ਪਰ ਉਹਨਾਂ ਦੇ ਅਨੁਯਾਈ ਬਾਬਾ ਸਹਿਬ ਨੂੰ ਤਾਂ ਮੰਨਦੇ ਹਨ, ਪਰ ਉਹਨਾਂ ਦੀਆਂ 22 ਪ੍ਰਤਿਗਿਆਵਾਂ ਨੂੰ ਨਹੀਂ ਮੰਨਦੇ। ਹੁਣ ਨੌਜਵਾਨਾਂ ਨੇ ਇਸਦਾ ਬੀੜਾ ਚੁੱਕਿਆ ਹੈ। ਨੌਜਵਾਨ ਲੜਕੇ ਆਪਣੇ ਵਿਆਹ ਨੂੰ ਪੂਰੀ ਤਰ੍ਹਾਂ ਬੁੱਧਮਈ ਤਰੀਕੇ ਨਾਲ ਸੰਪੰਨ ਕਰਵਾਉਂਦੇ ਹਨ ਅਤੇ ਵਿਆਹ ਦੇ ਕਾਰਡ ਵੀ ਇਸੇ ਤਰੀਕੇ ਨਾਲ ਛਪਵਾਉਂਦੇ ਹਨ। ਪਿਛਲੇਦੋ ਤਿੰਨ ਮਹੀਨੇ ਵਿਚ ਕਰੀਬ 10–15 ਵਿਆਹ ਬੁੱਧ ਧਰਮ ਪ੍ਰਣਾਲੀ ਨਾਲ ਸੰਪੰਨ ਹੋ ਚੁੱਕੀ ਹੈ। ਹਾਲਾਂਕਿ ਸੂਰਤਗੜ੍ਹ ਖੇਤਰ ਦਾ ਮਿਸ਼ਨ ਬਾੜਮੇਰ ਜ਼ਿਲ੍ਹੇ ਤੱਕ ਪਹੁੰਚ ਗਿਆ ਹੈ। ਆਗਾਮੀ 22 ਮਾਰਚ ਨੂੰ ਅੰਬੇਡਕਰੀ ਵਰਕਰ ਸੂਬੇ ਸਿੰਘ ਨੇ ਵੀ ਆਪਣਾ ਵਿਆਹ ਬੁੱਧ ਧਰਮ ਪ੍ਰਣਾਲੀ ਨਾਲ ਕਰਵਾਉਣ ਦਾ ਫੈਸਲਾ ਕੀਤਾ ਹੈ। ਉਹਨਾਂ ਨੇ ਆਪਣੇ ਵਿਆਹ ਦਾ ਸੱਦਾ ਵੀ ਪੂਰੀ ਤਰ੍ਹਾਂ ਅੰਬੇਡਕਰੀ ਅਤੇ ਬੁੱਧ ਧਰਮ ਵਿਚਾਰਧਾਰਾ ਦਾ ਛਪਵਾਇਆ ਹੈ, ਜੋ ਦੇਖਦੇ ਹੀ ਬਣਦਾ ਹੈ। ਇਸ ਤੋਂ ਪਹਿਲਾਂ ਚੱਕ 8 ਐਸ. ਡੀ. (ਸਾਦਕਵਾਲੀ ਢਾਣੀ) ਦੇ ਬਾਬੂਲਾਲ ਮੇਹਰੜਾ, ਫੂਲੇਜੀ ਨਿਵਾਸੀ ਦੇਦਰਾਜ ਫੌਜੀ, ਚੱਕ 1 ਡੀ. ਵੀ. ਐਨ. ਨਿਵਾਸੀ ਵਿਨੋਦ ਮੇਹਰੜਾ ਵੀ ਇਸੇ ਤਰ੍ਹਾਂ ਦੇ ਕਾਰਡ ਛਪਵਾ ਕੇ ਆਪਣੇ ਵਿਆਹ ਨੂੰ ਬੁੱਧ ਪਧਤੀ ਨਾਲ ਸੰਪੰਨ ਕਰਵਾ ਚੁੱਕੇ ਹਨ। **–ਸੱਤਿਆਪਾਲ ਮੇਘਵਾਲ**


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

## ਭਗਤ ਸਿੰਘ ਦੇ ਸ਼ਹੀਦੀ-ਦਿਵਸ, ਮਾਰਚ 23, ਨੂੰ ਸਮਰਪਿਤ

# ਸ਼ਹੀਦ ਭਗਤ ਸਿੰਘ (ਸਤੰਬਰ 28, 1907-ਮਾਰਚ 23, 1931)



ਡਾ. ਗੁਰੂਮੇਲ ਸ. ਸਿੱਧੂ
559-250-1790

ਕੁਰਬਾਨੀ ਛੋਟੀ ਜਾਂ ਵੱਡੀ ਨਹੀਂ ਹੁੰਦੀ, ਇਸ ਦੀ ਇਰਾਦੇ, ਮਕਸਦ, ਅਤੇ ਅਕੀਦਤ ਵਿਚ ਫਰਕ ਹੋ ਸਕਦਾ ਹੈ। ਕੁਰਬਾਨੀਆਂ ਪੱਖੋਂ ਸਾਰੇ ਲਾਹੌਰ ਸਾਜਿਸ਼ ਕੇਸ ਮਹੱਤਵਪੂਰਨ ਸਨ। ਇਨ੍ਹਾਂ ਵਿਚ ਜਿਨ੍ਹਾਂ ਨੇ ਜਾਨਾਂ ਵਾਰੀਆਂ, ਉਨ੍ਹਾਂ ਦੀ ਦਰਜਾਬੰਦੀ ਨਹੀਂ ਹੋ ਸਕਦੀ ਤੇ ਨਾ ਹੀ ਕਰਨੀ ਚਾਹੀਦੀ ਹੈ। ਲੇਕਿੰਨ ਪਹਿਲਾ ਅਤੇ ਛੇਵਾਂ ਲਾਹੌਰ ਸਾਜਿਸ਼ ਕੇਸ ਸਭ ਤੋਂ ਵੱਧ ਮਸ਼ਹੂਰ ਹੋਏ। ਪਹਿਲਾ ਕਰਤਾਰ ਸਿੰਘ ਸਰਾਭਾ ਦੀ ਕੁਰਬਾਨੀ ਕਰਕੇ ਅਤੇ ਦੂਜਾ ਭਗਤ ਸਿੰਘ ਦੀ ਸ਼ਹਾਦਤ ਕਰਕੇ। ਇਨ੍ਹਾਂ ਦੋਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਗਾਡੀ ਫਰਜ਼ ਨਿਭਾਇਆ। ਭਗਤ ਸਿੰਘ ਦੀ ਅਦੁਤੀ ਸ਼ਹੀਦੀ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

### ਸਾਇਮਨ ਕਮਿਸ਼ਨ

ਬ੍ਰਿਟਿਸ਼ ਸਰਕਾਰ ਨੇ 1927 ਵਿਚ ਹਿੰਦੋਸਤਾਨ ਦੇ ਰਾਜਨੀਤਕ ਸੁਧਾਰਾਂ ਦਾ ਜਾਇਜ਼ਾ ਲੈਣ ਅਤੇ ਆਜ਼ਾਦੀ ਦੇਣ ਦੀ ਸੰਭਾਵਨਾ ਬਾਰੇ ਸਾਇਮਨ ਕਮਿਸ਼ਨ (Simon Commission) ਨਿਯੁਕਤ ਕੀਤਾ। ਕਮਿਸ਼ਨ ਦੇ ਸਾਰੇ ਮੈਂਬਰ ਗੋਰੇ ਸਨ, ਇਕ ਵੀ ਹਿੰਦੋਸਤਾਨੀ ਨਹੀਂ ਸੀ। ਹਿੰਦੋਸਤਾਨ ਦੀ ਸਮਾਜਿਕ ਅਤੇ ਰਾਜਨੀਤਕ ਕਿਸਮਤ ਦਾ ਫੈਸਲਾ ਕਰਨ ਲਈ, ਕਮਿਸ਼ਨ ਵਿਚ ਹਿੰਦੋਸਤਾਨੀਆਂ ਦਾ ਹੋਣਾ ਜ਼ਰੂਰੀ ਸੀ। ਕਮਿਸ਼ਨ ਦੇ ਬੰਬਈ ਉਤਰਦਿਆਂ ਸਾਰ 'ਸਾਇਮਨ ਕਮਿਸ਼ਨ ਗੋ ਬੈਕ' (Simon Go Back) ਦੇ ਨਾਅਰੇ ਸ਼ੁਰੂ ਹੋ ਗਏ। ਅਕਤੂਬਰ 30, 1928 ਨੂੰ ਕਮਿਸ਼ਨ ਲਾਹੌਰ ਪਹੁੰਚਿਆ ਤਾਂ ਲਾਲਾ ਲਾਜਪੱਤ ਰਾਏ ਨੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਵਿਚ ਇਸ ਦਾ ਬਾਈਕਾਟ ਕਰਨ ਦਾ ਮਤਾ ਪੇਸ਼ ਕੀਤਾ। ਸਰਕਾਰ ਨੇ ਮਤੇ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ। ਰੋਹ ਵਿਚ ਲੋਕ ਸੜਕਾਂ ਤੇ ਉੱਤਰ ਆਏ ਜਿਨ੍ਹਾਂ ਦੀ ਨੁਮਾਇੰਦਗੀ ਲਾਲਾ ਜੀ ਨੇ ਕੀਤੀ। ਲੋਕਾਂ ਨੂੰ ਕਾਬੂ ਵਿਚ ਰੱਖਣ ਲਈ ਪੁਲਿਸ ਨੇ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਲਾਲਾ ਜੀ ਦੀ ਛਾਤੀ ਅਤੇ ਸਿਰ ਵਿਚ ਕੁਝ ਲਾਠੀਆਂ ਵੱਜੀਆਂ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਪਹੁੰਚਾਇਆ ਗਿਆ, ਪਰ ਬਚਾਇਆ ਨਾ ਜਾ ਸਕਿਆ। ਲਾਲਾ ਜੀ ਦਾ ਬਦਲਾ ਲੈਣ ਲਈ ਭਗਤ ਸਿੰਘ ਤੇ ਰਾਜਗੁਰੂ ਨੇ ਪੁਲਿਸ ਦੇ ਸੁਪਰਡੈਂਟ, ਜੇਮਜ਼ ਸਕੌਟ ਨੂੰ ਮਾਰਨਾ ਚਾਹਿਆ ਕਿਉਂਕਿ ਲਾਠੀ ਚਾਰਜ ਦਾ ਹੁਕਮ ਉਸ ਨੇ ਦਿੱਤਾ ਸੀ। ਭੁਲੇਖੇ ਵਿਚ ਸਹਾਇਕ ਸੁਪਰਡੈਂਟ, ਜੌਹਨ ਸਾਂਡਰਜ਼, ਮਾਰਿਆ ਗਿਆ। ਭਗਤ ਸਿੰਘ ਨੇ ਗੋ.ਲੀ ਮਾਰਨੀ ਸੀ, ਪਰ ਰਾਜਗੁਰੂ ਨੇ ਬਾਜੀ ਮਾਰ ਲਈ ਕਤਲ ਕਰਨ ਤੋਂ ਬਾਅਦ ਸਾਰੇ ਕ੍ਰਾਂਤੀਕਾਰੀ ਬਚ ਕੇ ਨਿਕਲ ਗਏ। (ਹਿੰਦੋਸਤਾਨ ਸੋਸ਼ਿਲਿਸਟ ਰੀਪਬਲਕ ਐਸੋਸੀਏਸ਼ਨ) ਨੇ ਕੰਧਾਂ 'ਤੇ ਇਸ਼ਤਿਹਾਰ ਲਾਏ ਅਤੇ ਪੰਫਲਿਟ ਵੰਡੇ ਜਿਨ੍ਹਾਂ 'ਤੇ ਲਿਖਿਆ:

"Today the world has seen that the people of India are not lifeless; their blood has not become cold. They can lay down their lives for the country's honour....We are sorry to have killed a man. But this man was a part of (a) cruel, despicable and unjust system and killing him was a necessity....This Government is the most oppressive government in the world."

ਮਾਰਨ ਤੋਂ ਦੋ ਦਿਨ ਬਾਅਦ ਸੁਖਦੇਵ ਨੇ ਦੁਰਗਾ ਭਾਬੀ, ਭਗਵਤੀ ਚਰਨ ਵੋਹਰਾ ਦੀ ਧਰਮ ਪਤਨੀ, ਨੂੰ ਮਦਦ ਕਰਨ ਲਈ ਕਿਹਾ। ਉਹ ਭਗਤ ਸਿੰਘ ਨੂੰ ਆਪਣਾ ਪਤੀ ਬਣਾ ਕੇ ਗੱਡੀ ਰਾਹੀਂ ਕਲਕੱਤੇ ਲੈ ਗਈ। ਆਪਣੇ ਆਪ ਨੂੰ ਬੇਪਛਾਣ ਕਰਨ ਲਈ ਭਗਤ ਸਿੰਘ ਨੇ ਦਾਹੜੀ-ਮੁਛ ਮੰਡਵਾ ਦਿੱਤੇ। ਦੁਰਗਾ ਭਾਬੀ ਇਕ ਕ੍ਰਾਂਤੀਕਾਰੀ ਔਰਤ ਸੀ ਜਿਸ ਨੇ ਗ਼ਦਰੀਆਂ ਦਾ ਡਟ ਕੇ ਸਾਥ ਦਿੱਤਾ।

ਭਗਤ ਸਿੰਘ ਲਈ ਮਸਲਾ ਇਹ ਬਣ ਗਿਆ ਕਿ ਰੂਹਪੋਸ਼ ਰਹਿ ਕੇ ਹਿੰਦੋਸਤਾਨ ਦੀ ਆਜ਼ਾਦੀ ਵਿਚ ਖੁੱਲ੍ਹ ਕੇ ਹਿੱਸਾ ਨਹੀਂ ਪਾ ਸਕਦੇ; ਨਾਲੇ ਕਿੰਨਾ ਕੁ ਚਿਰ ਲੁਕ-ਛਿਪ ਕੇ ਰਹਿ ਸਕਦੇ ਸਨ। ਭਗਤ ਸਿੰਘ ਨੂੰ ਪਤਾ ਸੀ ਕਿ ਫੜੇ ਜਾਣ ਤੋਂ ਬਾਅਦ ਬਹੁਤ ਚਿਰ ਜਿਉਣ ਦੀ ਮੋਹਲਤ ਨਹੀਂ ਮਿਲਣੀ। ਉਹ ਵਾਪਸ ਲਾਹੌਰ ਆ ਗਿਆ ਤੇ ਕੋਈ ਚਕਾਚੌਂਦੀ ਕ੍ਰਾਂਤੀਕਾਰੀ ਕਾਰਾ ਕਰਨ ਦੀ ਸੋਚੀ ਜਿਸ ਨਾਲ ਸਰਕਾਰ ਵਿਚ ਤਹਿਲਕਾ ਮਚ ਜਾਵੇ ਅਤੇ ਦੇਸ਼ ਦੀ ਜੰਤਾ ਜਾਗ ਪਵੇ।

ਰਬ ਸਬੱਬੀਂ ਇਕ ਜ਼ਰੀਆ ਪੈਦਾ ਹੋ ਗਿਆ। ਬ੍ਰਿਟਿਸ਼ ਸਰਕਾਰ ਨੇ ਜੰਤਾ ਵਿਰੋਧੀ ਦੋ ਬਿੱਲਾਂ (ਐਕਟਾਂ), 'ਪਬਲਿਕ ਸੇਫਟੀ ਬਿੱਲ' ਅਤੇ 'ਟ੍ਰੇਡ ਡਿਸਪਿਊਟ ਬਿੱਲ' (Public Safety Bill and Trade Disputes Bill) ਨੂੰ ਕਾਨੂੰਨ ਵਿਚ ਬਦਲਣ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ। 'ਪਬਲਿਕ ਸੇਫਟੀ ਬਿੱਲ', ਵਿਦੇਸ਼ੀ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਵਲੋਂ ਹਿੰਦੋਸਤਾਨ ਦੀ ਕਮਿਊਨਿਸਟ ਲਹਿਰ ਨੂੰ ਪ੍ਰਭਾਵਤ ਕਰਨ 'ਤੇ ਰੋਕ ਲਾਉਣਾ ਸੀ। 'ਟ੍ਰੇਡ ਡਿਸਪਿਊਟ ਬਿੱਲ', ਕਾਮਿਆਂ ਅਤੇ ਟ੍ਰੇਡ ਯੁਨੀਅਨਜ਼ ਵਲੋਂ ਹੜਤਾਲ ਕਰਨ ਪੁਰ ਜੁਰਮਾਨਾ ਕਰਨਾ ਅਤੇ ਜੇਲ੍ਹ ਦੀ ਸਜ਼ਾ ਦੇਣਾ ਸੀ। ਇਹ ਦੋਵੇਂ ਬਿੱਲ ਜੰਤਾ ਵਿਰੋਧੀ ਸਨ ਤੇ ਇਨ੍ਹਾਂ ਨੂੰ ਕਾਨੂੰਨ ਵਿਚ ਬਦਲਨ ਲਈ ਜਨਰਲ ਅਸੈਂਬਲੀ ਵਿਚ ਪੇਸ਼ ਕੀਤਾ ਜਾਣਾ ਸੀ। ਭਗਤ ਸਿੰਘ ਦੀ ਹਮਖਿਆਲੀ ਕ੍ਰਾਂਤੀਕਾਰੀਆਂ ਦੀ ਸੰਸਥਾ, ਐਚ. ਐਸ. ਆਰ. ਏ. ਨੇ ਮੀਟਿੰਗ ਸੱਦ ਕੇ ਫੈਸਲਾ ਲਿਆ ਕਿ ਇਨ੍ਹਾਂ ਬਿੱਲਾਂ ਦੀ ਵਿਰੋਧਤਾ ਕਰਨ ਲਈ ਅਸੈਂਬਲੀ ਵਿਚ ਫੋਕੇ ਬੰਬ ਸੁੱਟੇ ਜਾਣ। ਬੰਬਾਂ ਦਾ ਮਕਸਦ ਲੋਕਾਂ ਨੂੰ ਮਾਰਨਾ ਜਾਂ ਨੁਕਸਾਨ ਪਹੁੰਚਾਉਣਾ ਨਹੀਂ, ਬੋ.ਲੀ ਸਰਕਾਰ ਨੂੰ ਚਿਤਾਵਨੀ ਦੇਣਾ ਹੋਵੇਗਾ। ਚਾਹੁੰਦਿਆਂ ਹੋਇਆਂ ਵੀ, ਇਸ ਕਾਰਵਾਈ ਲਈ ਭਗਤ ਸਿੰਘ ਦਾ ਨੰਬਰ ਨਾ ਲੱਗਾ ਕਿਉਂਕਿ, ਉਸ ਉੱਪਰ ਪਹਿਲਾਂ ਹੀ ਸੈਂਡਰਜ਼, (Saunders) ਦੇ ਕਤਲ ਦਾ ਇਲਜ਼ਾਮ ਸੀ। ਭਗਤ ਸਿੰਘ ਦਾ ਗੂੜ੍ਹਾ ਮਿੱਤਰ, ਸੁਖਦੇਵ, ਮੀਟਿੰਗ ਵਿਚ ਨਹੀਂ ਸੀ। ਜਦ ਉਸ ਨੇ ਸੁਣਿਆਂ ਕਿ ਭਗਤ ਸਿੰਘ ਬੰਬ ਸੁਟਣ ਵਿਚ ਹਿੱਸਾ ਨਹੀਂ ਲੈ ਰਿਹਾ ਤਾਂ ਉਹ ਬੜਾ ਨਾਰਾਜ਼ ਹੋਇਆ। ਉਹ ਜਾਣਦਾ ਸੀ ਕਿ ਭਗਤ ਸਿੰਘ ਇਸ ਕੰਮ ਲਈ ਸੱਭ ਤੋਂ ਵੱਧ ਅਨੁਕੂਲ ਬੰਦਾ ਸੀ। ਉਸ ਨੇ ਭਗਤ ਸਿੰਘ ਨੂੰ ਤਾਹਨਾ ਮਾਰਿਆ, 'ਕਿਉਂ ਮਰਨ ਤੋਂ ਡਰ ਗਿਆਂ'।ਸੰਸਥਾ ਨੇ ਦੁਬਾਰਾ ਮੀਟਿੰਗ ਬੁਲਾਈ ਤੇ ਭਗਤ ਸਿੰਘ ਨੂੰ ਬੰਬ ਸੁੱਟਣ ਲਈ ਚੁਣ ਲਿਆ। ਉਸ ਨੇ ਸ਼ਰਤ ਰੱਖੀ ਕਿ ਕਾਰਾ ਕਰਨ ਤੋਂ ਬਾਅਦ, ਕ੍ਰਾਂਤੀਕਾਰੀ ਨੱਠਣਗੇ ਨਹੀਂ, ਥਾਂ 'ਤੇ ਹੀ ਗ੍ਰਿਫਤਾਰੀ ਦੇਣਗੇ। ਬੀ. ਕੇ. ਦੱਤ (ਬਟੁਕੇਸ਼ਵਰ ਦੱਤ) ਨੂੰ ਭਗਤ ਸਿੰਘ ਦੇ ਨਾਲ ਜਾਣ ਲਈ ਕਿਹਾ ਗਿਆ।

### ਅਸੰਬਲੀ ਵਿਚ ਬੰਬ ਸੁੱਟਣਾ

ਭਗਤ ਸਿੰਘ ਨੇ, ਅਪ੍ਰੈ.ਲ 8, 1929 ਨੂੰ, ਦਿੱਲੀ ਦੀ ਕੇਂਦਰੀ ਅਸੰਬਲੀ ਵਿਚ ਬੰਬ ਸੁੱਟਿਆ। ਨਾਲ ਹੀ ਇਸ਼ਤਿਹਾਰਾਂ ਦਾ ਥੱਬਾ ਵਗਾਹ ਮਾਰਿਆ ਜਿਸ 'ਤੇ ਲਿਖਿਆ ਸੀ, To Make the Deaf Hear; ਅਤੇ 'ਇਨਕਲਾਬ ਜ਼ਿੰਦਾਵਾਦ' ਅਤੇ 'ਸਾਮਰਾਜ ਦਾ ਨਾਸ਼ ਹੋ' ਦੇ ਨਾਅਰੇ ਲਾਏ। ਜਿਵੇਂਕਿ ਤਹਿ ਹੋਇਆ ਸੀ, ਬੰਬ ਸੁੱਟਣ ਦਾ ਮਕਸਦ ਕਿਸੇ ਨੂੰ ਜਾਨੋ ਮਾਰਨ ਦਾ ਨਹੀਂ ਸੀ, ਬ੍ਰਿਟਿਸ਼ ਸਰਕਾਰ ਦੇ ਬੋ.ਲੇ ਕੰਨਾਂ ਵਿਚ ਆਜ਼ਾਦੀ ਦਾ ਬਿਗਲ ਬਜਾਉਣਾ ਸੀ।

ਅਸੈਂਬਲੀ ਵਿਚ ਹਾਹਾਕਾਰ ਮਚ ਗਈ, ਲੋਕ ਮੇਜ਼ਾਂ ਹੇਠ ਲੁਕ ਗਏ। ਕੁਝ ਬੰਦੇ ਸ਼ਾਂਤ ਰਹੇ ਜਿਨ੍ਹਾਂ ਵਿਚ ਪੰਡਿਤ ਮੋਤੀ ਲਾਲ ਨਹਿਰੂ, ਮਦਨ ਮੋਹਨ ਮਾਲਵੀਆ ਅਤੇ ਮੁਹੰਮਦ ਅਲੀ ਜਿਨ੍ਹਾ ਸ਼ਾਮਿਲ ਸਨ। ਛੋਟੀਆਂ-ਮੋਟੀਆਂ ਖਰੋਸ਼ਾ ਤੋਂ ਇਲਾਵਾ ਕੋਈ ਵੀ ਜ਼ਖਮੀ ਨਾ ਹੋਇਆ ਤੇ ਨਾ ਹੀ ਮਰਿਆ। ਭਗਤ ਸਿੰਘ ਅਤੇ ਦੱਤ ਬਚ ਕੇ ਨਿਕਲ ਸਕਦੇ ਸਨ, ਪਰ ਗ੍ਰਿਫਤਾਰੀ ਦੇਣ ਲਈ ਖੜ੍ਹੇ ਰਹੇ ਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਰਹੇ।

ਪੁਲਿਸ ਲਾਗੇ ਜਾਣ ਤੋਂ ਡਰਦੀ ਸੀ ਕਿਉਂਕਿ ਭਗਤ ਸਿੰਘ ਪਾਸ ਪਸਤੌਲ ਸੀ। ਉਸ ਨੇ ਪਸਤੌਲ ਭੁੰਜੇ ਰੱਖ ਦਿੱਤਾ ਤਾਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਭਗਤ ਸਿੰਘ ਨੇ ਇਸ ਗੱਲ ਦੀ ਪਰਵਾਹ ਨਾ ਕੀਤੀ ਕਿ ਮੁਕੱਦਮੇ ਸਮੇਂ ਇਹ ਪਸਤੌਲ ਗਵਾਹੀ ਦੇ ਤੌਰ 'ਤੇ ਵਰਤਿਆ ਜਾ ਸਕਦਾ ਸੀ। ਅਸੰਬਲੀ ਵਿਚ ਬੰਬ ਸੁੱਟਣ ਦੀ ਕਾਰਵਾਈ ਤੋਂ ਬਾਅਦ ਅਖਬਾਰਾਂ ਨੂੰ ਜੋ ਦੱਸਣਾ ਸੀ, ਸੱਭ ਪਹਿਲਾਂ ਹੀ ਤਹਿ ਕੀਤਾ ਹੋਇਆ ਸੀ। ਉਸੇ ਦਿਨ ਸ਼ਾਮ ਦੇ ਪਰਚੇ ਵਿਚ 'ਹਿੰਦੋਸਤਾਨ ਟਾਇਮਜ਼' ਨੇ, ਭਗਤ ਸਿੰਘ ਅਤੇ ਬੀ. ਕੇ. ਦੱਤ ਦੀਆਂ ਫੋਟੋ ਸਮੇਤ, ਅਗਾਊਂ ਤਿਆਰ ਕੀਤਾ ਹੋਇਆ ਬਿਆਨ ਛਾਪਿਆ।(ਚਿਤਰ-1)।

"It takes a loud voice to make a deaf hear.' With these immortal words uttered on an occasion by Valliant, a French anarchist martyr, do we strongly justify this action of ours?

Without repeating the humiliating history of the past ten years of the working of the reforms and without mentioning the insults hurled down on the head of the Indian nation through this House, the so called Indian Parliament, we see that this time again, while the people expecting some more crumbs of reforms from the Simon Commission, are even quarelleling over the distribution of the expected bones, the Govt. is thrusting upon us new repressive measures like those of the Public Safety and Trade Dispute Bills, while reserving the Press Sedition Bill for the next Session.The indiscriminate arrests of labour leades working in the open field clearly indicate whither the wind blows.

We are sorry to admit that we who attach so great a sanctity to human life, we who dream of a glorious future when man will be enjoying perfect peace and full liberty, have been forced to shed human blood, But the sacrifices of the individuals at the altar of the great revolution that will bring freedom to all rendering the exloitation of man by man impossible, is inevitable.

Long Live Revolution." (Hidustan Times, April 8, 1929)[

ਹਿੰਦੋਸਤਾਨ ਦੀ ਆਜ਼ਾਦੀ ਦੀ ਲਹਿਰ ਵਿਚ ਇਹ ਵਾਕਿਆ ਇਕ ਮਹੱਤਵਪੂਰਨ ਮੋੜ ਸੀ। ਉਸ ਦਿਨ ਤੋਂ ਲਹਿਰ ਪ੍ਰਚੰਡ ਹੋ ਗਈ ਅਤੇ "ਇਨਕਲਾਬ ਜ਼ਿੰਦਾਬਾਦ" ਦਾ ਨਾਅਰਾ ਆਜ਼ਾਦੀ ਦਾ ਚਿੰਨ ਬਣ ਗਿਆ।

### ਮੁਕੱਦਮਾ

ਭਗਤ ਸਿੰਘ ਅਤੇ ਸਾਥੀਆਂ ਦਾ ਲਾਹੌਰ ਸਾਜਿਸ਼ ਕੇਸ, ਮੂਲਰੂਪ ਵਿਚ ਦੋ ਮੁੱਖ ਘਟਨਾਵਾਂ, ਸਾਂਡਰਜ਼ ਦੇ ਕਤਲ ਅਤੇ ਅਸੈਂਬਲੀ ਵਿਚ ਬੰਬ ਸੁੱਟਣ ਉਪਰ ਆਧਰਤ ਸੀ। ਸਰਕਾਰ ਨੇ ਕੇਸ ਨੂੰ ਪੁਖਤਾ ਕਰਨ ਲਈ ਕਈ ਹੋਰ ਘਟਨਾਵਾਂ ਵੀ ਨਾਲ ਜੋੜ ਦਿੱਤੀਆਂ ਜਿਵੇਂ, ਕਲਕੱਤਾ, ਸਹਾਰਨਪੁਰ, ਆਗਰਾ ਅਤੇ ਲਾਹੌਰ ਵਿਚ ਬੰਬ ਬਨਾਉਣੇ, ਬਿਹਾਰ ਅਤੇ ਉੜੀਸਾ ਵਿਚ ਡਾਕੇ ਮਾਰਨੇ, ਪੰਜਾਬ ਨੈਸ਼ਨਲ ਬੈਂਕ, ਲਾਹੌਰ, ਨੂੰ ਲੁੱਟਣਾ ਅਤੇ ਕੋਕਰੀ ਟਰੇਨ ਡਾਕਾ ਆਦਿ। ਸਾਂਡਰਜ਼ ਦੇ ਕਤਲ ਤੋਂ ਬਾਅਦ ਕੰਧਾਂ 'ਤੇ ਲਾਏ ਇਸ਼ਤਿਹਾਰਾਂ ਅਤੇ ਅਸੰਬਲੀ ਵਿਚ ਸੁੱਟੇ ਪਰਚਿਆਂ (Leaflets) ਦੀ ਇਬਾਰਤ ਅਤੇ ਸ਼ੈਲੀ ਤੋਂ ਅੰਦਾਜ਼ਾ ਲਾ ਲਿਆ ਕਿ ਇਨ੍ਹਾਂ ਦੋਹਾਂ ਵਾਰਦਾਤਾਂ ਵਿਚ ਭਗਤ ਸਿੰਘ ਦਾ ਮੋਹਰੀ ਹੱਥ ਸੀ। ਫਲਸਰੂਪ, ਭਗਤ ਸਿੰਘ ਅਤੇ 15 ਹੋਰ ਸਾਥੀਆਂ ਨੂੰ ਤਾਜਰਾਤੇ ਹਿੰਦ, ਧਾਰਾ 307 ਅੰਦਰ ਮੁਜਰਮ ਠਹਿਰਾ ਕੇ ਮੁਕੱਦਮਾ ਸ਼ੁਰੂ ਹੋਇਆ। ਮੁਕੱਦਮਾ ਦੀ ਸੁਣਾਈ ਮਈ 7, 1929 ਨੂੰ, ਜੱਜ ਪੀ. ਬੀ. ਪੂਲ (P. B. Pool) ਦੀ ਕਚਹਿਰੀ ਵਿਚ, ਕੇਂਦਰੀ ਜੇਲ੍ਹ, ਲਾਹੌਰ ਦੇ ਅੰਦਰ ਰੱਖੀ ਗਈ। ਜੇਲ੍ਹ ਵਿਚ ਸੁਣਾਈ ਇਸ ਲਈ ਰੱਖੀ ਗਈ ਤਾਕਿ ਬਾਹਰਲੀ ਅਦਾਲਤ ਵਿਚ ਪੇਸ਼ ਕਰਨ ਸਮੇਂ, ਕੈਦੀ ਕਿਤੇ ਭੱਜ ਨਾ ਜਾਣ। ਸਰਕਾਰੀ ਵਕੀਲ ਦਾ ਨਾਂ ਸੂਰਿਯਾਨਾਰਾਇਣ (Suryanarain) ਸੀ ਅਤੇ ਮੁੱਖ ਗਵਾਹ ਸਾਰਜਿੰਟ ਟੈਰੀ (Terry) ਸੀ। ਟੈਰੀ ਨੇ ਗਵਾਹੀ ਦਿੰਦਿਆਂ ਕਿਹਾ ਕਿ ਗ੍ਰਿਫਤਾਰੀ ਸਮੇਂ ਭਗਤ ਸਿੰਘ ਕੋਲੋਂ ਜੋ ਪਸਤੌਲ ਫੜਿਆ ਗਿਆ, ਉਹੀ ਸਾਂਡਰਜ਼ ਦੇ ਕਤਲ ਵਿਚ ਵਰਤਿਆ ਗਿਆ ਸੀ।

ਭਗਤ ਸਿੰਘ ਨੂੰ ਪਤਾ ਸੀ ਕਿ ਸਰਕਾਰ ਉਸ ਨੂੰ ਜਿਉਂਦਾ ਨਹੀਂ ਦੇਖਣਾ ਚਾਹੁੰਦੀ ਸੀ। ਉਸ ਨੇ ਮੁਕੱਦਮਾ ਨੂੰ ਲੰਬੇ ਤੋਂ ਲੰਬਾ ਕਰਨ ਦੀ ਵਿਉਂਤ ਬਣਾਈ ਤਾਂ ਕਿ ਬ੍ਰਿਟਿਸ਼ ਸਰਕਾਰ ਦੇ ਅਖੌਤੀ ਕਾਨੂੰਨਾਂ ਅਤੇ ਨਿਆਵਾਂ ਦੀ ਖਿੱਲੀ ਉੜਾਈ ਜਾ ਸਕੇ। ਇਸ ਮਕਸਦ ਦੀ ਪੂਰਤੀ ਲਈ ਭਗਤ ਸਿੰਘ ਨੇ, ਸੁਖਦੇਵ ਅਤੇ ਬਿਜੇ ਕੁਮਾਰ ਸਿਨਹਾਂ ਨਾ.ਲ ਮਿ.ਲ ਕੇ ਆਪਣਾ ਟ੍ਰਿਬਿਊਨਲ ਬਣਾ ਲਿਆ। ਉਨ੍ਹਾਂ ਦਾ ਮੁੱਖ ਮੰਤਵ ਇਨਕਲਾਬ ਦੀ ਸਫਲਤਾ ਲਈ ਮਨੋਵਿਗਿਅਨਕ ਮਹੌਲ ਪੈਦਾ ਕਰਕੇ ਜੰਤਾ ਦੀ ਸੋਚ ਵਿਚ ਤਬਦੀਲੀ ਲਿਆਉਣਾ ਸੀ। ਇਸ ਮੰਤਵ ਦੀ ਪੂਰਤੀ ਲਈ ਕਚਹਿਰੀ ਨੂੰ ਪ੍ਰਚਾਰ ਦਾ ਅਖਾੜਾ ਬਣਾ ਲਿਆ। ਰਾਜਨੀਤਕ ਚਾਲ ਨੂੰ ਸਫਲ ਬਨਾਉਣ ਲਈ ਜੇਲ੍ਹ ਵਿਚ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਕਰਨ ਦਾ ਫੈਸਲਾ ਕਰ ਲਿਆ (ਕਮਲੇਸ਼ ਮੋਹਨ, 2008)। ਭੁੱਖ-ਹੜਤਾਲ ਦੇ ਕਈ ਕਾਰਨ ਸਨ:

1. ਜੇਲ੍ਹ ਦੇ ਅਧਿਕਾਰੀਆਂ ਦਾ ਅਣਮਨੁੱਖੀ ਤੇ ਵਹਿਸ਼ੀ ਵਤੀਰਾ,
2. ਬੇਸੁਆਦਾ ਅਤੇ ਕਿਰਕਿਰਾ ਖਾਣਾ,
3. ਬੈਰਕਾਂ ਵਿਚ ਸਫਾਈ ਦਾ ਘਟੀਆ ਪ੍ਰਬੰਧ,
4. ਅੰਡੇਮਾਨ ਭੇਜੇ ਕੈਦੀਆਂ ਨਾਲ ਪਰਲੇ ਦਰਜੇ ਦਾ ਘਟੀਆਂ ਵਿਵਹਾਰ ਤੇ ਵਰਤਾਵ,
5. ਕੈਦੀਆਂ ਨੂੰ ਸਿਆਸੀ ਕੈਦੀਆਂ ਦਾ ਦਰਜਾ ਦੇਣ ਤੋਂ ਇਨਕਾਰ।

ਉਪ੍ਰੋਕਤ ਮੰਗਾਂ ਮਨਵਾਉਣ ਲਈ, ਭਗਤ ਸਿੰਘ ਨੇ ਜੂਨ 17, 1929 ਨੂੰ ਪੰਜਾਬ ਦੀਆਂ ਜੇਲ੍ਹਾਂ ਦੇ ਇਨਸਪੈਕਟਰ ਜਨਰਲ ਵਲ ਦਰਖਾਸਤ ਭੇਜੀ। ਇਸ ਵਿਚ ਲਿਖਿਆ ਕਿ ਦਿੱਲੀ ਦੇ ਅਸੈਂਬਲੀ ਹਾਲ ਵਿਚ ਬੰਬ ਸੁੱਟਣ ਕਰਕੇ ਉਸ ਨੂੰ ਉਮਰ ਕੈਦ ਹੋਈ ਸੀ। ਦਿੱਲੀ ਦੀ ਜੇਲ੍ਹ ਵਿਚ ਸਿਆਸੀ ਕੈਦੀ ਦਾ ਦਰਜਾ ਦਿੱਤਾ ਗਿਆ ਸੀ ਅਤੇ ਵਧੀਆ ਖਾਣਾ ਮੁਹੱਯਾ ਕੀਤਾ ਜਾਂਦਾ ਸੀ। ਮੁਕਾਬਲੇ 'ਤੇ ਮਿੰਟਗੁਮਰੀ ਜੇਲ੍ਹ ਵਿਚ ਇਕ ਆਮ ਕੈਦੀ ਵਰਗਾ ਸਲੂਕ ਕੀਤਾ ਜਾਂਦਾ ਹੈ ਤੇ ਮਾੜਾ ਖਾਣਾ ਦਿੱਤਾ ਜਾਂਦਾ ਹੈ। ਇਸ ਲਈ ਜੂਨ 15, 1929 ਤੋਂ ਭੁੱਖ-ਹੜਤਾਲ ਕੀਤੀ ਹੋਈ ਹੈ ਜਿਸ ਕਰਕੇ ਛੇ ਪੌਂਡ ਭਾਰ ਘਟ ਗਿਆ ਹੈ। ਭਗਤ ਸਿੰਘ ਨੇ ਮੰਗ ਕੀਤੀ ਕਿ ਇਕ ਸਿਆਸੀ ਕੈਦੀ ਹੋਣ ਦੇ ਨਾਤੇ ਉਸ ਨੂੰ ਹੇਠ ਲਿਖੀਆਂ ਸਹੂਲਤਾਂ ਮਹੱਯਾ ਕੀਤੀਆਂ ਜਾਣ।

1. ਖੁਰਾਕ ਵਿਚ ਦੁੱਧ, ਘਿਓ ਤੇ ਦਾ.ਲ-ਚੌ.ਲ ਦਿੱਤੇ ਜਾਣ,
2. ਕੋਈ ਤਸੀਹਾ ਨਾ ਦਿੱਤਾ ਜਾਵੇ ਅਤੇ ਅਣਸੁਖਾਵਾਂ ਵਿਵਹਾਰ ਨਾ ਕੀਤਾ ਜਾਵੇ,
3. ਨਹਾਉਣ ਲਈ ਸਾਬਣ ਤੇ ਤੇਲ, ਅਤੇ ਹਜਾਮਤ ਲਈ ਉਸਤਰਾ ਦੇ ਕ੍ਰੀਮ ਵਗੈਰਾ ਦਿੱਤੇ ਜਾਣ,
4. ਸਾਫ-ਸੁਥਰੀ ਰਿਹਾਇਸ਼ ਅਤੇ ਵਕਤ ਸਿਰ ਧੋਤਾ ਹੋਇਆ ਬਿਸਤਰਾ ਹੋਵੇ,
5. ਪੜ੍ਹਨ ਲਈ ਹਰ ਤਰ੍ਹਾ ਦਾ ਸਾਹਿਤ ਮੁਹੱਯਾ ਕੀਤਾ ਜਾਵੇ ਜਿਵੇਂ, ਇਤਿਹਾਸ, ਸਿਆਸੀ ਵਿਗਿਆਨ, ਕਵਿਤਾ ਅਤੇ ਨਾਵਲ ਆਦਿ।
6. ਬਾਹਰ ਦੇ ਵਾਕਿਆਤਾਂ ਨੂੰ ਜਾਨਣ ਲਈ ਰੋਜ਼ਾਨਾ ਅਖਬਾਰਾਂ ਮੁਹੱਯਾ ਕੀਤੀਆਂ ਜਾਣ।

ਪੁਲਿਸ ਦੇ ਇੰਸਪੈਕਟਰ-ਜਨਰਲ ਨੇ ਭਗਤ ਸਿੰਘ ਨੂੰ ਮੀਆਂਵਾਲੀ ਜੇਲ੍ਹ ਤੋਂ ਲਾਹੌਰ ਜੇਲ੍ਹ ਵਿਚ ਬਦਲ ਦਿੱਤਾ। ਓਥੇ ਉਸ ਦੇ ਸਾਥੀ ਬੀ.ਕੇ. ਦੱਤ ਨੇ ਭੁੱਖ-ਹੜਤਾਲ ਰੱਖੀ ਹੋਈ ਸੀ ਅਤੇ ਭਗਤ ਸਿੰਘ ਵਾਲੀਆਂ ਮੰਗਾਂ ਲਈ ਅਰਜ਼ੀ ਦਿੱਤੀ ਹੋਈ

(ਬਾਕੀ ਅਗਲੇ ਸਫੇ 'ਤੇ)



ਬੰਬ ਸੁੱਟਣ ਤੋਂ ਬਾਅਦ ਛਪੀ ਤਸਵੀਰ


WARRANT OF EXECUTION ON SENTENCE OF DEATH.

In the Court of the LAHORE CONSPIRACY CASE TRIBUNAL, Lahore, constituted under Ordinance No. III of 1930.

TO THE SUPERINTENDENT OF THE CENTRAL JAIL AT LAHORE.


WHEREAS Bhagat Singh, son of Kishen Singh, resident of Khawasrian, Lahore, one of the prisoners in the Lahore Conspiracy Case, having been found guilty by us of offences under section 121 and section 302 of the Indian Penal Code and also under section 4(b) of the Explosive Substances Act read with section 6 of that Act and with section 120-B of the Indian Penal Code at a trial commencing from the 5th May, 1930, and ending with the 7th October, 1930, is hereby sentenced to death.

This is to authorise and require you, the said Superintendent, to carry the said sentence into execution by causing the said BHAGAT SINGH to be hanged by the neck until he be dead at Lahore on the 27th day of October, 1930, and to return this warrant to the High Court with an endorsement certifying that the sentence has been executed.

Given under our hands and the seal of the Court this 7th day of October, 1930.

PRESIDENT OF THE TRIBUNAL.
MEMBER OF THE TRIBUNAL. MEMBER OF THE TRIBUNAL.

ਭਗਤ ਸਿੰਘ ਦੀ ਮੌਤ ਦਾ ਫਰਮਾਨ


I hereby certify that the sentence of death passed on Bhagat Singh has been duly executed, and that the said Bhagat Singh was accordingly hanged by the neck till he was dead, at Lahore C. Jail on Monday the 23rd day of March 1931; that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

ਭਗਤ ਸਿੰਘ ਦੀ ਫਾਂਸੀ ਦਾ ਸਰਟੀਫੀਕੇਟ



# ਸ਼ਹੀਦ ਭਗਤ ਸਿੰਘ (ਸਤੰਬਰ 28, 1907-ਮਾਰਚ 23, 1931)

ਸੀ।ਸਰਕਾਰ ਨੂੰ ਇਹ ਭਲੀਭਾਂਤ ਪਤਾ ਸੀ ਕਿ ਉਹ ਰਾਜਨੀਤਕ ਕੈਦੀ ਸਨ, ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਬਾਹਰ ਜੰਤਾ ਵਿਚ ਉਨ੍ਹਾਂ ਦੀ ਭੁੱਖ-ਹੜਤਾਲ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਭਗਤ ਸਿੰਘ ਦੀ 'ਨੌਜਵਾਨ ਭਾਰਤ ਸਭਾ' ਅਤੇ 'ਇੰਡੀਅਨ ਨੈਸ਼ਨਲ ਕੌਂਗ੍ਰਸ' ਵਿਚਕਾਰ ਗੱਠਜੋੜ ਹੋ ਗਿਆ। ਦੋਹਾਂ ਦੀ ਸਾਂਝੀ ਅਗਵਾਈ ਹੇਠ, ਜੁਲਾਈ 21, 1929 ਨੂੰ, ਲਾਹੌਰ ਵਿਚ ਇਕੱਤਰਤਾ ਹੋਈ ਜਿਸ ਵਿਚ ਤਕਰੀਬਨ 10,000 ਲੋਕਾਂ ਨੇ ਭਾਗ ਲਿਆ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜੇ। ਸਰਕਾਰ ਨੂੰ ਕੰਨ ਹੋ ਗਏ ਕਿ ਭੁੱਖ-ਹੜਤਾਲ ਦਾ ਅਸਰ ਸਾਰੇ ਹਿੰਦੋਸਤਾਨ ਵਿਚ ਜੰਗਲ ਦੀ ਅੱਗ ਵਾਂਗ ਫੈਲ ਸਕਦਾ ਹੈ।

### ਜਤਿੰਦਰ ਨਾਥ ਦਾਸ ਦਾ ਮਰਨ ਵਰਤ

ਜੁਲਾਈ 10, 1929 ਨੂੰ ਲਾਹੌਰ ਸਾਜਿਸ਼ ਕੇਸ ਦੇ ਸਾਰੇ ਕੈਦੀ, ਭਗਤ ਸਿੰਘ ਨੂੰ ਮਿਲੇ ਜਿਨ੍ਹਾਂ ਵਿਚ ਜਤਿੰਦਰ ਨਾਥ ਦਾਸ (ਜੇ. ਐਨ. ਦਾਸ) ਵੀ ਸੀ। ਦੱਤ ਭੁੱਖ-ਹੜਤਾਲ ਦੇ ਵਿਰੁੱਧ ਸੀ ਕਿਉਂਕਿ ਉਸ ਲਈ ਹੜਤਾਲ ਕਾਇਰਤਾ ਮਾਨਿੰਦ ਸੀ। ਸਾਥੀਆਂ ਦੇ ਹੌਸਲੇ ਨੂੰ ਭਾਂਪਦਿਆਂ ਦਾਸ ਨੇ ਵੀ ਭੁੱਖ-ਹੜਤਾਲ ਰੱਖਣ ਦਾ ਫੈਸਲਾ ਕਰ ਲਿਆ ਲੇਕਿੰਨ, ਇਕ ਸ਼ਰਤ ਰੱਖੀ ਕਿ 'ਜਦੋਂ ਤਕ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਹ ਸਮਝੌਤਾ ਨਹੀਂ ਕਰੇਗਾ ਭਾਵੇ ਜਾਨ ਚਲੀ ਜਾਏ'। ਇਹ ਇਰਾਦਾ ਧਾਰ ਕੇ, ਜੇ. ਐਨ. ਦਾਸ ਨੇ ਜੁਲਾਈ 13, 1929 ਨੂੰ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਜੱਦੋਜਹਿਦ ਨੇ ਮਾਰੂ ਰੁੱਖ ਧਾਰ ਲਿਆ। ਸਰਕਾਰ ਨੂੰ ਕੰਬਣੀ ਛਿੜੀ ਤੇ ਕੋਈ ਉਪਰਾਲਾ ਕਰਨ ਬਾਰੇ ਸੋਚਿਆ। ਮੰਗਾਂ ਮੰਨਣ ਦੀ ਬਜਾਏ ਕੈਦੀਆਂ ਨੂੰ ਧਿੰਗੋਜੋਰੀ ਖਾਣਾ ਖਲਾਉਣ ਦੀ ਕੋਸ਼ਿਸ਼ ਕੀਤੀ। ਖੁਰਾਕ ਵਿਚ ਕੋਈ ਅਜੇਹਾ ਤੱਤ ਵੀ ਦਿੱਤਾ ਗਿਆ ਜਿਸ ਨਾਲ ਭੁੱਖ ਹੋਰ ਚਮਕਦੀ ਸੀ। ਘੜਿਆਂ ਵਿਚ ਪਾਣੀ ਦੀ ਥਾਂ ਦੁੱਧ ਭਰ ਦਿਤਾ। ਗੁੱਸੇ 'ਚ ਆਏ ਪੰਡਤ ਕਿਸ਼ੋਰੀ ਲਾਲ ਅਤੇ ਏ. ਕੇ. ਘੋਸ਼ ਨੇ ਭਾਂਡੇ ਤੋੜ ਦਿੱਤੇ। ਦਾਸ ਦੀ ਹਾਲਤ ਦਿਨੋ ਦਿਨ ਕਮਜ਼ੋਰ ਹੁੰਦੀ ਜਾ ਰਹੀ ਸੀ, ਉਸ ਨੇ ਕੋਈ ਦੁਆਈ ਵਗੈਰਾ ਲੈਣ ਤੋਂ ਇਨਕਾਰ ਕਰ ਦਿੱਤਾ। ਡਾ. ਗੋਪੀ ਚੰਦ ਭਾਰਗਵ ਨੇ ਕੈਦੀਆਂ ਨੂੰ ਭੁੱਖ-ਹੜਤਾਲ ਤੋੜਨ ਲਈ ਪ੍ਰੇਰਿਆ। ਇਹ ਵੀ ਕਿਹਾ ਕਿ ਜੇ ਭੁੱਖ-ਹੜਤਾਲ ਨਹੀਂ ਵੀ ਤੋੜਨਾ ਚਾਹੁੰਦੇ ਤਾਂ ਦਵਾਈ ਤਾਂ ਲੈ ਲੈਣ। ਦੱਤ ਨੇ ਉੱਕੀ ਨਾਂਹ ਕਰ ਦਿੱਤੀ। ਸਰਕਾਰ ਦੇ ਬਿਆਨਾਂ ਤੋਂ ਲਗਦਾ ਸੀ ਕਿ ਉਹ ਝੁਕਣ ਵਾਲੀ ਨਹੀਂ। ਅਗਸਤ 21, 1929 ਨੂੰ ਗੋਪੀ ਚੰਦ ਭਾਰਗਵ, ਪ੍ਰਸ਼ੋਤਮ ਦਾਸ ਟੰਡਨ ਅਤੇ ਭਗਤ ਸਿੰਘ ਹੋਰਾਂ ਜੇ. ਐਨ. ਦਾਸ ਨਾਲ ਫੇਰ ਮੁਲਾਕਾਤ ਕੀਤੀ। ਉਸ ਨੇ ਭਾਰਗਵ ਤੋਂ ਦਵਾਈ ਲੈਣਾ ਮੰਨ ਲਿਆ, ਪਰ ਖਾਣਾ ਖਾਣ ਤੋਂ ਬਿਲਕੁਲ ਨਾ ਕਰ ਦਿੱਤੀ। ਦਵਾਈ ਲੈਣ ਦੇ ਬਾਵਜੂਦ ਉਸ ਦੀ ਹਾਲਤ ਵਿਗੜਦੀ ਗਈ। ਜੰਤਾ ਵਿਚ ਰੋਹ ਦੀ ਲਹਿਰ ਦੌੜ ਰਹੀ ਸੀ। ਆਖੀਰ ਨੂੰ ਸਰਕਾਰ ਝੁੱਕ ਗਈ ਤੇ ਸਤੰਵਰ 2, 1929 ਨੂੰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਵਿਚ ਕੈਦੀਆਂ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਲੈਫਟੀਨੈਂਟ ਕਰਨਲ, ਐਫ. ਏ. ਬਾਰਕਰ ਦੀ ਪ੍ਰਧਾਨਗੀ ਹੇਠ 11 ਮੈਂਬਰੀ ਕਮੇਟੀ ਬਣਾਈ। ਉੱਦੋਂ ਤਕ ਭਗਤ ਸਿੰਘ ਦੀ ਭੁੱਖ-ਹੜਤਾਲ ਦੇ 81 ਦਿਨ ਅਤੇ ਬਾਕੀਆਂ ਦੇ 55 ਦਿਨ ਪੁੱਗ ਚੁਕੇ ਸਨ। ਸਾਰਿਆਂ ਨੇ ਭੁੱਖ-ਹੜਤਾਲ ਤੋੜ ਦਿੱਤੀ, ਪਰ ਦਾਸ ਮੌਤ ਨਾਲ ਜੂਝ ਰਿਹਾ ਸੀ। ਉਸ ਦੀ ਹਾਲਤ ਦੇਖ ਕੇ, ਸਤੰਬਰ 4, 1929 ਨੂੰ, ਭਗਤ ਸਿੰਘ, ਦੱਤ ਅਤੇ ਤਿੰਨ ਹੋਰ ਸਾਥੀਆਂ ਨੇ ਦੁਆਰਾ ਹੜਤਾਲ ਸ਼ੁਰੂ ਕਰ ਦਿੱਤੀ ਤੇ ਸ਼ਰਤ ਰੱਖੀ ਕਿ ਦਾਸ ਨੂੰ, ਬਿਨਾ ਕੋਈ ਸ਼ਰਤ, ਤੁਰੰਤ ਰਿਹਾਅ ਕੀਤਾ ਜਾਵੇ ਅਤੇ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ, ਦੋਸ਼-ਮੁਕਤ ਕੈਦੀਆਂ ਨਾਲ, ਮਿਲਣ-ਜੁਲਣ ਦਿੱਤਾ ਜਾਵੇ। ਸਰਕਾਰ ਨੇ ਦਾਸ ਨੂੰ ਰਿਹਾਅ ਕਰਨ ਦੀ ਬਜਾਏ ਜ਼ਮਾਨਤ 'ਤੇ ਛੱਡਣ ਦਾ ਸੁਝਾ ਦਿੱਤਾ ਜੋ ਦਾਸ ਨੇ ਨਾ-ਮਨਜ਼ੂਰ ਕਰ ਦਿੱਤਾ। ਅਤੇ ਦੂਜੀ ਸ਼ਰਤ ਨੂੰ ਨਾ-ਮਨਜ਼ੂਰ ਕਰ ਦਿੱਤਾ। ਬਹੁਤ ਸਾਰੇ ਨਾਮਵਰ ਕੌਮੀ ਆਗੂਆਂ ਨੇ ਸਰਕਾਰ ਦੀ ਕਰੂਰ ਤੇ ਕਠੋਰ ਨੀਤੀ ਦੀ ਖੁੱਲ੍ਹ ਕੇ ਨੁਕਤਾਚੀਨੀ ਕੀਤੀ।

ਜੇ. ਐਨ. ਦਾਸ ਸਤੰਬਰ 13, 1929 ਨੂੰ ਬਾਅਦ ਦੁਪਹਿਰ ਇਸ ਦੁਨੀਆਂ 'ਚੋਂ ਰੁਖਸਤ ਹੋ ਗਿਆ। ਉਸ ਦੀ ਮੌਤ ਨੇ ਨੌਜਵਾਨ ਕ੍ਰਾਂਤੀਕਾਰੀਆਂ ਵਿਚ ਤਹਿੱਲਕਾ ਮਚਾ ਦਿੱਤਾ ਅਤੇ ਕਈ ਇਕੱਠ ਅਤੇ ਸਮਾਗਮ ਹੋਏ। ਸਤੰਬਰ 25, 1929 ਨੂੰ ਲਾਹੌਰ ਵਿਚ ਮੁਕੰਮਲ ਹੜਤਾਲ ਹੋਈ। ਲਾਹੌਰ ਦੀ ਵਿਦਿਆਰਥੀ ਯੂਨੀਅਨ ਦਾ ਇਕੱਠ ਹੋਇਆ ਜਿਸ ਵਿਚ 300 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿਚ ਬਹੁ-ਗਿਣਤੀ ਬੰਗਾਲੀ ਵਿਦਿਆਰਥੀਆਂ ਦੀ ਸੀ। ਵਿਦਿਆਰਥੀਆਂ ਨਾਲ ਸਾਰੇ ਦੇਸ਼ ਵਿਚ ਜਜ਼ਬਾਤੀ ਸਾਂਝ ਪੈਦਾ ਹੋ ਗਈ। ਮੰਦੇ ਭਾਗਾਂ ਨੂੰ ਮਹਾਤਮਾ ਗਾਂਧੀ ਨੇ ਆਪਣੇ ਹਫ਼ਤਾਵਾਰ ਪਰਚੇ, 'ਯੰਗ ਇੰਡੀਆ' (Young India) ਵਿਚ ਜੇ. ਐਨ. ਦਾਸ ਦੀ ਕੁਰਬਾਨੀ ਦਾ ਕੋਈ ਨੋਟਿਸ ਨਾ ਲਿਆ ਜਦਕਿ ਇਹ ਪਰਚਾ ਰਾਜਨੀਤਕ ਘਟਨਾਵਾਂ ਬਾਰੇ ਹਮੇਸ਼ਾ ਕੋਈ-ਨਾ-ਕਈ ਟਿਪਣੀ ਜ਼ਰੂਰ ਕਰਦਾ ਸੀ। 'ਇੰਡੀਅਨ ਨੈਸ਼ਨਲ ਕੌਂਗ੍ਰਸ' ਨੇ ਦਾਸ ਦੀ ਸ਼ਹਾਦਤ ਦੀ ਮੂੰਹ-ਪੋਚਵੀਂ ਤਾਰੀਫ ਕੀਤੀ। ਬ੍ਰਿਟਿਸ਼ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ, ਐਚ. ਡਵਯੂ. ਐਮਰਸਨ (H.W. Emerson) ਨੇ ਦਾਸ ਦੀ ਕੁਰਬਾਨੀ ਅਤੇ ਹੌਸਲੇ ਦੀ ਤਾਰੀਫ ਕਰਕੇ ਗੋਂਗਲੂਆਂ ਤੋਂ ਮਿੱਟੀ ਝਾੜ ਦਿੱਤੀ।

ਮੁੱਕਦਮੇਂ ਨੂੰ ਲਮਕਾਉਣਾ

ਸਮੇਂ ਦੀ ਨਜ਼ਾਕਤ ਨੂੰ ਪਹਿਚਾਣਦਿਆਂ, ਜੇਲ੍ਹਾਂ ਦੀ ਪੜਤਾਲ ਕਰਨ ਵਾਲੀ ਸਰਕਾਰੀ ਕਮੇਟੀ ਨੇ ਹਿੰਦੋਸਤਾਨੀ ਲੀਡਰਾਂ ਨੂੰ ਨਾਲ ਲੈ ਕੇ ਭਗਤ ਸਿੰਘ ਨੂੰ ਭੁੱਖ-ਹੜਤਾਲ ਤੋੜਨ ਲਈ ਪ੍ਰੇਰਿਆ। ਭਗਤ ਸਿੰਘ ਨੇ ਸੋਚਿਆ ਕਿ ਸਰਕਾਰ ਦੀ ਇਹ ਗੱਲ ਮੰਨ ਕੇ ਨਵੇਂ ਸਿਰੇ ਤੋਂ ਜੱਦੋਜਹਿਦ ਸ਼ੁਰੂ ਕਰਨ ਲਈ ਇਹ ਸੁਨਹਿਰੀ ਮੌਕਾ ਹੈ। ਉਸ ਨੇ ਅਕਤੂਬਰ 4, 1929 ਨੂੰ ਹੜਤਾਲ ਤੋੜ ਦਿੱਤੀ ਅਤੇ ਨਵੀਂ ਰਣਨੀਤੀ ਦਾ ਪ੍ਰੋਗਰਾਮ ਬਣਾਇਆ। ਨਵੀਂ ਯੋਜਨਾ ਹੇਠ ਮੁਕੱਦਮੇਂ ਨੂੰ ਜਿੰਨਾ ਹੋ ਸਕੇ ਲਟਕਾਉਣ ਦੀ ਵਿਉਂਤ ਬਣਾਈ।

1. ਭਗਤ ਸਿੰਘ ਨੇ ਜਨਵਰੀ 20, 1930 ਨੂੰ ਜੇਲ੍ਹ ਵਿਚ ਬੰਦ ਹੋਰ ਸਾਥੀਆਂ ਨਾਲ ਮਿਲ ਕੇ ਸਰਕਾਰ ਦੇ ਗ੍ਰਹਿ ਮੰਤਰੀ ਨੂੰ ਤਾਰ ਦਿੱਤੀ ਕਿ ਕੈਦੀਆਂ ਨਾਲ ਬੇਰੁਖੀ ਅਤੇ ਧੋਖਾਧੜੀ ਕਰਨ ਤੋਂ ਬਾਜ ਆਵੇ ਅਤੇ ਸਿਆਸੀ ਕੈਦੀਆਂ ਦੀਆਂ ਮੰਗਾਂ ਵਲ ਸ਼ੀਘਰ ਗੌਰ ਕਰਕੇ ਫੈਸਲਾ ਸੁਣਾਵੇ।
2. ਜਨਵਰੀ 28, 1930 ਨੂੰ ਇਕ ਹੋਰ ਪਟੀਸ਼ਨ ਵਿਚ ਕਿਹਾ ਕਿ ਜੇਲ੍ਹ ਵਿਚ ਜ਼ਰੂਰੀ ਸਹੂਲਤਾ ਨਾ ਦੇਣ ਕਰਕੇ ਕੈਦੀਆਂ ਵਿਚ ਉਪਰਾਮਤਾ ਵੱਧ ਗਈ ਹੈ, ਇਨ੍ਹਾਂ ਨੂੰ ਛੇਤੀ ਪੂਰਾ ਕੀਤਾ ਜਾਵੇ।
3. ਸਰਕਾਰ ਬਦਲੀਖੋਰੇ ਸਲੂਕ ਤੋਂ ਬਾਜ ਆਵੇ ਅਤੇ ਕੈਦੀਆਂ ਨੂੰ ਡੰਡਾ-ਬੇੜੀਆਂ ਪਾਉਣਾ ਬੰਦ ਕਰੇ।

ਅਗਸਤ 10, 1929 ਨੂੰ ਸਰਕਾਰ ਨੇ ਕੈਦੀਆਂ ਨੂੰ ਜੁਰਮ ਦੀ ਤਾਸੀਰ ਅਤੇ ਜੁਰਮ ਦੇ ਸਮਾਜਿਕ ਰੁਤਬੇ ਅਨੁਸਾਰ ਵਰਗੀਕਰਨ ਕਰਨਾ ਸ਼ੁਰੂ ਕੀਤਾ। ਭਗਤ ਸਿੰਘ ਨੇ ਕਿਹਾ ਕਿ ਅਸੀਂ ਹਿੰਦੋਸਤਾਨ ਦੀ ਆਜ਼ਾਦੀ ਖਾਤਿਰ ਲੜ ਰਹੇ ਹਾਂ ਅਤੇ ਸਾਡਾ ਇਰਾਦਾ, ਮਨੋਰਥ ਤੇ ਉਦੇਸ਼ ਇਕੋ ਹੈ। ਸਰਕਾਰ ਸਾਡਾ ਵਰਗੀਕਰਨਾ ਕਰਨਾ ਬੰਦ ਕਰੇ। ਫਰਵਰੀ 19, 1930 ਨੂੰ ਪੰਜਾਬ ਸਰਕਾਰ ਨੇ ਕੈਦੀਆਂ ਦੀਆਂ ਮੰਗਾਂ ਮਨ ਲਈਆਂ ਤੇ ਸਿਆਸੀ ਕੈਦੀਆਂ ਵਾਲਾ ਰੁਤਬਾ ਦੇ ਦਿੱਤਾ ਜਿਸ ਕਰਕੇ ਭੁੱਖ-ਹੜਤਾਲ ਬੰਦ ਹੋ ਗਈ।

ਕ੍ਰਾਂਤੀਕਾਰੀਆਂ ਦੀ ਅਸਲ ਲੜਾਈ ਤਾਂ ਅਜੇ ਸ਼ੁਰੂ ਹੀ ਹੋਈ ਸੀ। ਭਗਤ ਸਿੰਘ ਨੇ ਮੁਕੱਦਮੇ ਦੀ ਕਾਰਵਾਈ ਵਿਚ ਰੋੜਾ ਅਟਕਾਉਣ ਲਈ ਕਈ ਹੋਰ ਮੰਗਾਂ ਮੰਗੀਆਂ ਜਿਵੇਂ,

1. ਜਿਹੜੇ ਕੈਦੀ ਭੁੱਖ-ਹੜਤਾਲ ਕਾਰਨ ਕਮਜ਼ੋਰ ਹੋ ਚੁਕੇ ਸਨ, ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਨਾ ਕੀਤਾ ਜਾਵੇ,
2. ਹੱਥ ਕੜੀਆਂ ਜਾਂ ਪੈਰਾਂ ਵਿਚ ਬੇੜੀਆਂ ਪਾਕੇ ਮੁਕੱਦਮੇ ਲਈ ਨਾ ਲਿਜਾਇਆ ਜਾਵੇ,
3. ਅਚਾਨਕ ਕਿਸੇ ਕੈਦੀ ਦਾ ਦੂਜੀ ਜੇਲ੍ਹ ਵਿਚ ਤਬਾਦਲਾ ਨਾ ਕੀਤੀ ਜਾਵੇ,
4. ਆਪਣੇ ਕੇਸ ਦੀ ਪੈਰਵਈ ਕਰਨ ਲਈ ਕੈਦੀਆਂ ਨੂੰ ਦੋਸਤ-ਮਿਤਰਾਂ ਨਾਲ ਮਿਲਣ ਤੋਂ ਨਾ ਰੋਕਿਆ ਜਾਵੇ,
5. ਘੱਟ ਅੰਗ੍ਰੇਜ਼ੀ ਪੜ੍ਹੇ ਲਿਖੇ ਜਾਂ ਅਨਪੜ੍ਹ ਕੈਦੀਆਂ ਨੂੰ ਉਨ੍ਹਾਂ ਦੀ ਬੋਲੀ ਵਿਚ ਅਖਬਾਰ ਮੁਹੱਯਾ ਕੀਤਾ ਜਾਵੇ।

ਸਰਕਾਰ ਨੇ ਕੈਦੀਆਂ ਨੂੰ ਮੁਕੱਦਮਾ ਲੜਨ ਲਈ ਵਕੀਲ ਦੇਣ ਦੀ ਪੇਸ਼ਕਸ਼ ਕੀਤੀ। ਕੁਝ ਨੇ ਇਹ ਮਦਦ ਲੈਣ ਲਈ ਯੱਕੋ- ਤੱਕਾ ਕੀਤਾ, ਪਰ ਭਗਤ ਸਿੰਘ, ਸੁਖਦੇਵ, ਜੈਦੇਵ, ਸ਼ਿਵ ਵਰਮਾ, ਕੰਵਲ ਨਾਥ ਤਿਵਾੜੀ, ਐਸ. ਐਨ. ਪਾਂਡੇ ਨੇ ਵਕੀਲ ਲੈਣ ਤੋਂ ਸਾਫ ਜਵਾਬ ਦੇ ਦਿੱਤਾ। ਜੇ. ਐਨ, ਸਾਨਿਯਾਲ, ਗਯਾ ਪ੍ਰਸਾਦ, ਬੀ.ਕੇ. ਦੱਤ, ਮਹਾਂਬੀਰ ਸਿੰਘ ਅਤੇ ਕੁੰਦਨ ਲਾਲ ਨੇ ਤਾਂ ਗੱਲ ਅਗੇ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਕਿਸ਼ੋਰੀ ਲਾਲ, ਦੇਸ ਰਾਜ, ਪ੍ਰੇਮ ਦੱਤ ਵਰਮਾ ਤੇ ਏ. ਕੇ. ਘੋਸ਼ ਨੇ ਵਕੀਲ ਦੀ ਪੇਸ਼ਕਸ਼ ਨੂੰ ਵਿਚਾਰ ਅਧੀਨ ਰੱਖ ਲਿਆ (ਕਮਲੇਸ਼ ਮੋਹਨ, 2008)।

ਭਗਤ ਸਿੰਘ ਅਤੇ ਸਾਥੀਆਂ ਨੇ ਮੁਕੱਦਮੇ ਨੂੰ ਲੰਬਾ ਕਰਨ ਦਾ ਇਕ ਹੋਰ ਤਰੀਕਾ ਕੱਢਿਆ। ਉਹ ਸੀ ਜੱਜਾਂ ਨੂੰ ਕਾਰਵਾਈ ਪੂਰੀ ਨਾ ਕਰਨ ਦੇਣਾ। ਅਕਤੂਬਰ 21, 1929 ਨੂੰ ਜੱਜ ਆਰ ਐਸ. ਸ੍ਰੀ ਕ੍ਰਿਸ਼ਨ ਦੀ ਅਦਾਲਤ ਵਿਚ, ਪ੍ਰੇਮ ਦੱਤ ਵਰਮਾ ਨੇ ਵਾਅਦਾ ਮੁਆਫ ਗਵਾਹ ਜੈ ਗੋਪਾਲ ਨੂੰ ਛਿੱਤਰ ਕੱਢ ਮਾਰਿਆ। ਜੱਜ ਨੇ ਹੁਕਮ ਦਿੱਤਾ ਕਿ ਕੈਦੀਆਂ ਨੂੰ ਹੱਥ-ਕੜੀ ਬੰਨ੍ਹ ਕੇ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਜੇਲ੍ਹ ਦੇ ਅਧਿਕਾਰੀ ਜਦ ਕੜੀਆਂ ਪਾਉਣ ਦੀ ਕੋਸ਼ਿਸ਼ ਕਰਦੇ ਤਾਂ ਕੈਦੀ ਗਾਲ਼ੀ ਗਲੋਚ ਕਰਦੇ। ਜਨਵਰੀ 29, 1930 ਨੂੰ ਜੱਜ ਨੇ ਭਗਤ ਸਿੰਘ ਦੇ ਵਕੀਲ ਦੁਨੀ ਚੰਦ ਨੂੰ ਵਕੀਲਾਂ ਦੇ ਮੇਜ਼ 'ਤੇ ਬੈਠਣ ਤੋਂ ਰੋਕ ਦਿੱਤਾ। ਰੋਸ ਵਜੋਂ ਭਗਤ ਸਿੰਘ ਅਦਾਲਤ ਚੋਂ ਬਾਹਰ ਆ ਗਿਆ। ਦੂਜੇ ਕੈਦੀਆਂ ਦੇ ਵਕੀਲ ਵੀ ਕਚਹਿਰੀ ਛੱਡ ਕੇ ਬਾਹਰ ਨਿਕਲ ਆਏ। ਫਲਸਰੂਪ, ਅਦਾਲਤੀ ਕਾਰਵਾਈ ਮੁਲਤਵੀ ਹੋ ਗਈ। ਸਰਕਾਰ ਲਈ ਲਾਹੌਰ ਸਾਜਿਸ਼ ਕੇਸ ਨੂੰ ਨਿਪਟਾਉਣਾ ਔਖਾ ਦਿਸਿਆ ਤਾਂ ਲਾਰਡ ਇਰਵਿਨ ਨੇ ਸਪੇਸ਼ਲ ਔਰਡੀਨੈਂਸ ਯਾਰੀ ਕਰਕੇ ਮੁਕੱਦਮਾ ਹਾਈ ਕੋਰਟ ਦੇ ਤਿੰਨ ਜੱਜਾਂ, ਜੌਹਨ ਕੋਲਡਸਟਰੀਮ, ਆਗਾ ਹੈਦਰ ਅਤੇ ਜੀ. ਸੀ. ਹਿਲਟਨ, (John Coldsteam, Agha Haider, G. C. Hlton) ਨੂੰ ਸੌਂਪ ਦਿਤਾ। ਕੈਦੀਆਂ ਵਲੋਂ ਜਾਣ ਬੁੱਝ ਕੇ ਰੁਕਾਵਟਾਂ ਪਾਉਣ ਨਾਲ ਸਿੱਝਣ ਲਈ, ਟ੍ਰਿਬਿਊਨਲ ਨੂੰ ਖਾਸ ਅਧਿਕਾਰ ਦੇ ਦਿੱਤੇ ਜਿਵੇਂ,

1. ਜੇ ਦੋਸ਼ੀ ਬਲਾਉਣ ਦੇ ਬਾਵਜੂਦ ਅਦਾਲਤ ਵਿਚ ਪੇਸ਼ ਹੋਣ ਲਈ ਅੜਚਨਾਂ ਪਾਵੇ ਤਾਂ ਉਸ ਦੀ ਗੈਰਹਾਜ਼ਰੀ ਵਿਚ ਮੁਕੱਦਮਾ ਸੁਣਿਆਂ ਜਾ ਸਕਦਾ ਹੈ।
2. ਮੁਕੱਦਮਾ ਸੁਣਨ ਵੇਲੇ ਕਿਸੇ ਦੋਸ਼ੀ ਦੇ ਵਕੀਲ ਅਤੇ ਗਵਾਹ ਦਾ ਹਾਜ਼ਰ ਹੋਣਾ ਜ਼ਰੂਰੀ ਨਹੀਂ।
3. ਟ੍ਰਿਬਿਊਨਲ ਜੋ ਵਾਜਿਬ ਸਮਝੇ, ਸਜ਼ਾ ਦੇ ਸਕਦਾ ਹੈ।
4. ਟ੍ਰਿਬਿਊਨਲ ਵਲੋਂ ਦਿੱਤੀ ਸਜ਼ਾ ਨੂੰ ਕੋਈ ਚਣੌਤੀ ਨਹੀਂ ਦਿੱਤੀ ਜਾ ਸਕਦੀ।

ਟ੍ਰਿਬਿਊਨਲ ਨੇ ਆਪਣੀ ਕਾਰਵਾਈ ਮਈ 5, 1930 ਨੂੰ ਸ਼ੁਰੂ ਕੀਤੀ। ਇਸ ਪੱਖਪਾਤੀ ਕਾਰਵਾਈ ਦੇ ਵਿਰੁੱਧ, ਕਟਿਹਰੇ ਵਿਚ ਖੜ੍ਹੇ ਇਨਕਲਾਬੀਆਂ ਨੇ, ਰੱਜ ਕੇ ਰੌਲਾ ਪਾਇਆ। ਮਈ 12, 1930 ਨੂੰ ਭਗਤ ਸਿੰਘ ਤੇ ਉਸ ਦੇ ਸਾਥੀ ਜਦ ਅਦਾਲਤ ਵਿਚ ਲਿਆਂਦੇ ਗਏ ਤਾਂ ਰਾਮ ਪ੍ਰਸਾਦ ਬਿਸਮਲ ਦੀ ਕਵਿਤਾ ਦਾ ਮੁੱਖੜਾ:

ਸਰਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਲ ਮੇਂ ਹੈ।

ਗਾਉਂਦੇ ਅਤੇ 'ਇਨਕਲਾਬ ਜ਼ਿੰਦਾਬਾਦ' ਤੇ 'ਸਾਮ-ਰਾਜ ਮੁਰਦਾਵਾਦ' ਦੇ ਨਾਅਰੇ ਲਾਉਂਦੇ ਰਹੇ। ਜੱਜ, ਕੋਲਡਸ-ਰੀਮ, ਨੇ ਉਨ੍ਹਾਂ ਨੂੰ ਬਾਹਰ ਕੱਢਣ ਦਾ ਹੁਕਮ ਦਿੱਤਾ।ਬਾਹਰ ਕੱਢਦਿਆਂ ਪੁਲਿਸ ਨੇ ਕੁੱਟਮਾਰ ਕੀਤੀ ਤਾਂ ਜੱਜ ਆਗਾ ਹੈਦਰ ਨੇ ਇਸ ਵਤੀਰੇ ਪ੍ਰਤੀ ਅਸਹਿਮਤੀ ਦਿਖਾਈ। ਟ੍ਰਬਿਊਨਲ ਵਿਚ ਇਕ ਮੱਤ ਨਾ ਹੋਣ ਕਰਕੇ ਇਸ ਨੂੰ ਨਵੇਂ ਸਿਰਿਉਂ ਸੰਗਠਤ ਕੀਤਾ ਗਿਆ। ਜੱਜ ਜੀ. ਸੀ. ਹਿਲਟਨ ਦੀ ਪ੍ਰਧਾਨਗੀ ਹੇਠ ਕਾਰਬਾਈ ਸ਼ੁਰੂ ਹੋਈ। ਮੁਕੱਦਮੇ ਦੀ ਸੁਣਾਈ ਤੋਂ ਪੰਜ ਮਹੀਨੇ ਬਾਅਦ, ਅਕਤੂਬਰ 7, 1930 ਨੂੰ, ਫੈਸਲਾ ਸੁਣਾਇਆ ਜਿਸ ਵਿਚ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਸਜਾਏ ਮੌਤ ਸੁਣਾਈ ਗਈ। ਤਿੰਨਾਂ ਨੂੰ ਵੱਖਰੇ ਵੱਖਰੇ ਮੌਤ ਦੇ ਫਰਮਾਨ (ਿੲਰਰਓਨਟਸ) ਜਾਰੀ ਕੀਤੇ ਗਏ। ਭਗਤ ਸਿੰਘ ਦੇ ਫਰਮਾਨ ਵਿਚ, ਉਸ ਦਾ ਅਤਾ-ਪਤਾ ਲਿਖ ਕੇ ਤੇ ਕਾਨੂੰਨੀ ਧਾਰਵਾਂ ਦਾ ਹਵਾਲਾ ਦੇ ਕੇ, ਸੈਂਟ੍ਰਲ ਜੇਲ੍ਹ ਲਾਹੌਰ ਦੇ ਸੁਪਰਡਿੰਟ ਨੂੰ ਆਦੇਸ਼ ਦਿਤਾ। (ਚਿਤਰ-2)।

This is to authorise and require you, the said Superintendent, to carry the said sentence into execusion by causing the said Bhagat Singh to be hanged by the neck until he be dead at Lahore on the 27th: day of October, 1930, and to return the warrant to the High Court with an endorsement clarifying that the sentence has been executed

ਲਾਲਾ ਦੁਨੀ ਚੰਦ ਅਤੇ ਡਾ. ਗੋਪੀ ਚੰਦ ਭਾਰਗੋ ਨੇ ਸਜ਼ਾ ਦੇ ਵਿਰੁੱਧ ਬ੍ਰਿਟਿਸ਼ ਸਰਕਾਰ ਦੀ ਪ੍ਰਿਵੀ ਕੌਂਸਲ ਨੂੰ ਅਪੀਲ ਕਰਨ ਲਈ 'ਡੀਫੈਂਸ ਕਮੇਟੀ' ਸਥਾਪਤ ਕੀਤੀ। ਅਪੀਲ ਕਰਨ ਲਈ ਪੰਡਤ ਮੋਤੀ ਲਾਲ ਨਹਿਰੂ ਅਤੇ ਪ੍ਰਾਣ ਨਾਥ ਮਹਿਤਾ ਨੇ ਭਗਤ ਸਿੰਘ 'ਤੇ ਜ਼ੋਰ ਪਾਇਆ। ਭਗਤ ਸਿੰਘ ਪਹਿਲਾਂ ਤਾਂ ਅਪੀਲ ਦੇ ਵਿਰੁੱਧ ਸੀ। ਉਸ ਨੇ ਠੰਡੇ ਦਿਮਾਗ ਨਾਲ ਸੋਚਿਆ ਕਿ ਉਸ ਦੀ ਸੰਸਥਾ, ਐਚ. ਐਸ. ਆਰ. ਏ. ਨੂੰ ਸਰਕਾਰ ਵਿਰੁੱਧ ਪ੍ਰਾਪੇਗੰਡਾ ਕਰਨ ਲਈ ਹੋਰ ਸਮਾ ਮਿਲ ਜਾਏਗਾ, ਇਸ ਲਈ ਹਾਂ ਕਰ ਦਿੱਤੀ। ਅਪੀਲ ਵਿਚ ਦਾਅਵਾ ਕੀਤਾ ਗਿਆ ਕਿ ਜਿਸ ਓਰਡੀਨੈਂਸ ਤਹਿਤ ਟ੍ਰਿਬਿਊਨਲ ਬਣਾਇਆ ਗਿਆ ਸੀ, ਉਹ ਗੈਰਕਾਨੂੰਨੀ ਸੀ। ਸਰਕਾਰ ਨੇ ਉੱਤਰ ਵਿਚ ਕਿਹਾ ਕਿ ਵਾਇਸਰਾਏ ਨੂੰ ਅਜੇਹਾ ਟ੍ਰਿਬਿਊਨਲ ਬਨਾਉਣ ਦੇ ਪੂਰੇ ਅਧਿਕਾਰ ਸਨ, ਫਲਸਰੂਪ, ਫਰਵਰੀ 10, 1931 ਨੂੰ ਜੱਜ, ਵਿਸਕਾਉਂਟ ਡਿਊਨੇਡਿੰਨ ਜੋ ਅਪੀਲ ਸੁਣਣ ਵਾਲੀ ਕੋਰਟ ਦੇ ਲੌਰਡ ਸਨ, ਨੇ ਅਪੀਲ ਖਾਰਜ ਕਰ ਦਿੱਤੀ (ਨਯੀਅਰ, 2000)। ਫਰਵਰੀ 14, 1931 ਨੂੰ ਕੌਂਗ੍ਰਸ ਪਾਰਟੀ ਦੇ ਪ੍ਰਧਾਨ ਮਦਨ ਮੋਹਨ ਮਾਲਵੀਆ ਨੇ, ਭਗਤ ਸਿੰਘ ਦੀ ਸਲਾਹ ਤੋਂ ਵਗੈਰ, ਰਹਿਮ ਦੀ ਅਪੀਲ ਕੀਤੀ, ਉਹ ਵੀ ਵਾਇਸਰਾਏ ਨੇ ਰੱਦ ਕਰ ਦਿੱਤੀ। Rana, 2005) ਜੇਲ੍ਹ ਦੇ HSRA ਦੇ ਮੈਂਬਰ, ਭਗਵਤੀ ਚਰਨ ਵੋਹਰਾ (ਦੁਰਗਾ ਦੇਵੀ ਦੇ ਪਤੀ) ਨੇ ਭਗਤ ਸਿੰਘ ਨੂੰ ਜੇਲ੍ਹ 'ਚੋਂ ਕੱਢਣ ਖਾਤਰ ਕੰਧ ਨੂੰ ਤੋੜਨ ਲਈ ਬੰਬ ਬਣਾਇਆ, ਪਰ ਬੰਬ ਦੇ ਫਟਣ ਨਾਲ ਉਸ ਦੀ ਜਾਨ ਚਲੀ ਗਈ। (Archives,, 28 October 2011). ਇਸ ਕੇਸ ਬਾਰੇ ਬਰਤਾਨੀਆਂ ਦੀ ਕਮਿਊਨਿਸਟ ਪਾਰਟੀ ਨੇ ਹੇਠਲੇ ਸ਼ਬਦਾਂ ਵਿਚ ਪ੍ਰਤੀਕਰਮ ਦਿੱਤਾ:

The history of this case, of which we do not come across any example in relation to the political cases, reflects the symptoms of callousness and cruelty which is the outcome of bloated desire of the imperialist government of Britain so that fear can be instilled in the hearts of the repressed people. (Rana, 2005).

### ਫਾਂਸੀ (ਮਾਰਚ 24, 1931)

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ, ਮਾਰਚ 24, 1931 ਵਾਲੇ ਦਿਨ ਫਾਂਸੀ ਦੇਣ ਦੇ ਹੁਕਮ ਹੋਏ। ਪਰ ਫਾਂਸੀ ਦਾ ਸਮਾਂ 11 ਘੰਟੇ ਅੱਗੇ ਪਾਕੇ ਤਿੰਨਾਂ ਨੂੰ ਸੋਮਵਾਰ 23 ਮਾਰਚ, 1931 ਨੂੰ ਫਾਂਸੀ ਚਾੜ੍ਹ ਦਿੱਤਾ। ਜੇਲ੍ਹ ਦੇ ਸੁਪਰਡਿੰਟ ਵਲੋਂ ਲਿਖਿਆ, ਭਗਤ ਸਿੰਘ ਦੀ ਫਾਂਸੀ ਦਾ ਸਰਟੀਫੀਕੇਟ, ਹੇਠ ਦਿੱਤਾ ਜਾਂਦਾ ਹੈ। (ਚਿਤਰ-3)।

I hereby certify that the sentence of death passed on Bhagat Singh has been duely executed, and that the said Bhagat Singh was accordingly hanged by neck till he was dead, at Lahore C. Jail on Monday the 23rd day of March, 1931at 4 p.m. that the body remained suspended for a full hour, and was not taken down until life was ascertained by a medical officer to be extinct; and that no accident, error or other misadventure occurred.

ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸ਼ੀ ਦਾ ਅਖਬਾਰਾਂ ਅਤੇ ਕਾਨਫ੍ਰੰਸਾਂ ਵਿਚ ਹਿਰਦੇ ਵੇਦਿਕ ਪ੍ਰਤੀਕਰਮ ਹੋਇਆ। ਮਾਰਚ 25, 1931 ਦੀ ਟ੍ਰਿਬਿਊਨ ਵਿਚ ਸੁਰਖੀ ਛਪੀ: "Bhagat Singh, Rajguru and Sukhdev Executed: No "Last Interview with Relatives. Shouts Emerge from Jail. Dead Bodies Secretly Disposed of, Removed to Distant Place."

ਫਾਂਸੀ ਵਾਲੇ ਦਿਨ ਹਿੰਦੋਸਤਾਨ ਦੀ ਕੌਂਗ੍ਰਸ ਪਾਰਟੀ ਦਾ ਕਰਾਚੀ ਵਿਚ ਇਜਲਾਸ ਸੀ। ਭੜਕੇ ਹੋਏ ਨੌਜਵਾਨਾਂ ਨੇ ਗਾਂਧੀ ਨੂੰ ਕਾਲੀਆਂ ਝੰਡੀਆਂ ਦਿਖਾਈਆਂ ਕਿਉਂਕਿ, ਉਸ ਨੇ ਭਗਤ ਸਿੰਘ ਦੀ ਫਾਂਸੀ ਰੁਕਵਾਉਣ ਲਈ ਆਨਾ-ਕਾਨੀ ਕੀਤੀ ਸੀ। ਇਸ ਸੰਬੰਧ ਵਿਚ ਨਿਊ ਯੌਰਕ ਟਾਇਮਜ਼ ਨੇ ਲਿਖਿਆ:

A reign of terror in the city of Cawnpore in the United Provinces and an attack on Mahatma Gandhi by a youth outside Karachi was among the answers of the Indian extremists today to the hanging of Bhagat Singh and two fellow-assassins.

ਗਾਂਧੀ ਨੇ ਆਪਣੇ ਅਖਬਾਰ "ਯੰਗ ਇੰਡੀਅ" ਦੇ 29 ਮਾਰਚ, 1931 ਦੇ ਅੰਕ ਵਿਚ ਲਿਖਿਆ: Bhagat Singh and his two associates have been hanged. The Congress made many attempts to save their lives and the Government entertained many hopes of it, but all has been in a vain.

"Bhagat Singh did not wish to live. He refused to apologize, or even file an appeal. Bhagat Singh was not a devotee of non-violence, but he did not subscribe to the religion of violence. He took to violence due to helplessness and to defend his homeland. In his last letter, Bhagat Singh wrote, 'I have been arrested while waging a war. For me there can be no gallows. Put me into the mouth of cannon and blow me off.' These heroes had conquered the fear of death. Let us bow to them a thousand times for their heroism. But we should not imitate their act. In our land of millions of destitute and crippled people, if we take to the practice of seeking justice through murder, there will be a terrifying situation. Our poor people will become victims of our atrocities. By making a dharma of violence, we shall be reaping the fruit of our own actions. Hence, though we praise the courage of these brave men, we should never countenance their activities. Our dharma is to swallow our anger, abide by the discipline of non-violence and carry out our duty."

### ਅੰਤਿਕਾ

ਭਗਤ ਸਿੰਘ ਕੇਵਲ ਇਕ ਹੱਢ ਮਾਸ ਦਾ ਪੁਤਲਾ ਹੀ ਨਹੀਂ ਸੀ, ਉਹ ਤਾਂ ਕ੍ਰਾਂਤੀਕਾਰੀ ਸੋਚ ਦਾ ਮੁਜੱਸਮਾ ਸੀ, ਸਿਰਨਾਮਾ ਸੀ। ਬੰਦਾ ਨਾਸ਼ਵਾਨ ਹੈ, ਸੋਚ ਅਵਿਨਾਸ਼ੀ, ਤ੍ਰੈਕਾਲੀ ਅਤੇ ਬ੍ਰਹਿਮੰਡੀ ਹੈ। ਭਗਤ ਸਿੰਘ ਇਨ੍ਹਾਂ ਗੁਣਾਂ ਦਾ ਕੌਲਾਜ ਹੈ। ਉਸ ਦੀ ਦਰਸ਼ਣੀ ਸ਼ਖਸੀਅਤ ਦਾ ਦੀਦਾਰ ਹੇਠਲੀ ਤਸਵੀਰ 'ਚੋਂ ਹੁੰਦਾ ਹੈ।(ਚਿਤਰ-4)। ਚਿਹਰੇ ਦੀ ਤਰਜਮਾਨੀ ਤਿੰਨ ਸ਼ਬਦਾਂ ਵਿਚ ਬਿਆਨ ਕੀਤੀ ਜਾ ਸਕਦੀ ਹੈ: ਇਰਾਦਾ, ਅਕੀਦਾ ਅਤੇ ਵਿਸ਼ਵਾਸ।

ਜਿਨ੍ਹਾਂ ਮੁਲਕਾਂ ਵਿਚ ਭਗਤ ਸਿੰਘ ਵਰਗੇ ਸੂਰਮੇ ਦੇਸ਼ ਭਗਤਾਂ ਨੇ ਜਨਮ ਲਿਆ ਹੋਵੇ, ਉਨ੍ਹਾਂ ਉੱਤੋਂ ਗੁਲਾਮੀ ਦੇ ਸਾਇਆ ਦਾ ਤਾਰ ਤਾਰ ਹੋ ਕੇ ਛੱਟ ਜਾਣਾ ਨਿਸਚਿੱਤ ਹੈ। ਬ੍ਰਿਟਿਸ਼ ਸਰਕਾਰ ਦਾ ਹਿੰਦੋਸਤਾਨ ਨੂੰ ਛੱਡਣਾ ਉਸ ਵੇਲੇ ਹੀ ਤਹਿ ਹੋ ਗਿਆ ਸੀ ਜਦ ਭਗਤ ਸਿੰਘ ਨੇ ਅਸੈਂਬਲੀ ਵਿਚ ਫੋਕਾ ਬੰਬ ਚਲਾਇਆ ਸੀ। ਬਾਕੀ ਦੇ ਕਾਰਨ ਭਗਤ ਸਿੰਘ ਦੀ ਫਿਲੌਸਫੀ ਦੀ ਸਾ-ਉਪਜ (ਭੇ ਫਰੋਦੁਚਟ) ਸਨ। ਸ਼ਹੀਦ-ਦੇ-ਆਜ਼ਮ ਭਗਤ ਸਿੰਘ ਦੀ ਸਖਸ਼ੀਅਤ ਅਤੇ ਅਹਿਮੀਅਤ ਦਾ ਅੰਦਾਜ਼ਾ ਹਿੰਦੋਸਤਾਨ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਛਪੇ ਢੇਰ ਸਾਰੇ ਸਾਹਿਤ, ਅਨੇਕ ਫਿਲਮਾਂ ਅਤੇ ਡੌਕੂਮਿੰਟਰੀਆਂ ਤੋਂ ਲਗਾਇਆ ਜਾ ਸਕਦਾ ਹੈ। ਪੈਗੰਬਰਾਂ ਅਤੇ ਗੁਰੂਆਂ ਦੀਆਂ ਧਰਮ ਖਾਤਰ ਦਿੱਤੀਆਂ ਸ਼ਹੀਦੀਆਂ ਦਾ ਕੋਈ ਸਾਨ ਨਹੀਂ, ਪਰ ਇਨਸਾਨੀਅਤ ਦੀ ਆਜ਼ਾਦੀ ਖਾਤਰ ਕੁਰਬਾਨ ਹੋਣ ਵਾਲਿਆਂ ਵਿਚ ਸਰਦਾਰ ਭਗਤ ਸਿੰਘ ਦਾ ਦਰਜਾ ਸਿਰਮੌਰ ਹੈ।

### ਹਵਾਲੇ:


1. Hidustan Times, April 8, 1929)।
2. ਕਮਲੇਸ਼ ਮੋਹਨ. 2008. ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ. ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ।
3[ Kuldip, Nayar. 2000. The Martyr Bhagat Singh: Experiments in Revolution. Diamond Pocket Books , Ptd, New Delhi.
4. Bhagwant Singh, Rana. 2005. Bhagat Singh. Diamond Pocket Books Ptd, New Delhi.
5."Bhagat Singh: A Perennial Saga Of Inspiration". Pragoti. 27 September 2008. Archived from the original on 30 September 2015. Retrieved 28 October 2011.
6. Tribune, March 25, 1931.
7. Young India, March 29, 1931.

## ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਲਈ ਵਿਸ਼ੇਸ਼

# ਸ਼ਹੀਦ ਭਗਤ ਸਿੰਘ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡਾ ਆਦਰਸ਼ ਹਨ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ। ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ ਅਤੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜੇ ਹੋਏ ਸਨ। ਜਿਸ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਸ਼ਹੀਦ ਭਗਤ ਸਿੰਘ ਨੇ ਅਪਣੀ ਮੁਢਲੀ ਪੜਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੌਰ ਵਿੱਚ ਦਾਖਲਾ ਲੈ ਲਿਆ। ਭਗਤ ਸਿੰਘ ਦੀ ਮੁਢਲੀ ਪੜ੍ਹਾਈ ਲਾਇਲਪੁਰ ਦੇ ਜਿਲ੍ਹਾ ਬੌਰਡ ਪ੍ਰਾਇਮਰੀ ਸਕੂਲ ਵਿੱਚ ਹੋਈ, ਉਚੇਰੀ ਪੜਾਈ ਲਈ ਉਨ੍ਹਾਂ ਨੇ ਡੀ ਏ ਵੀ ਹਾਈ ਸਕੂਲ ਲਹੌਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਸ਼ਹੀਦ ਭਗਤ ਸਿੰਘ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਉਹ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਸ਼ਹੀਦ ਭਗਤ ਸਿੰਘ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾ ਸੁਤੰਤਰਤਾ ਸੰਗਰਾਮ ਪੜ੍ਹੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਹ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਭਗਤ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੌਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਅੰਗਰੇਜੀ ਹਕੂਮਤ ਦੇ ਵਿਰੁੱਧ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਹਨਾਂ ਪ੍ਰਦਰਸ਼ਨਾਂ ਵਿੱਚ ਭਾਗ ਲੈਣ ਵਾਲਿਆਂ ਤੇ ਅੰਗਰੇਜ਼ੀ ਸ਼ਾਸ਼ਨ ਨੇ ਲਾਠੀਚਾਰਜ ਵੀ ਕੀਤਾ। ਇਸ ਪ੍ਰਦਰਸ਼ਨ ਦੌਰਾਨ ਹੀ ਵਿਰੋਧ ਦੀ ਅਗਵਾਈ ਕਰ ਰਹੇ ਕਾਂ-ਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ, ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਇਸ ਤਰ੍ਹਾਂ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈ ਲਿਆ। ਆਪ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮ-ਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਨਾਲ ਉਹਨਾਂ ਦਾ ਵਿਰੋਧ ਸੁਭਾਵਿਕ ਹੀ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣ ਲਈ ਉਹਨਾਂ ਨੇ ਟ੍ਰੇਡ ਡਿਸਪੀਊਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ। ਇਸ ਕੰਮ ਲਈ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਉਹਨਾਂ ਦੋਨਾਂ ਨੇ "ਇਨਕਲਾਬ-ਜ਼ਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ'' ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ।



ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਇੱਕ ਲੇਖ ਮੈਂ ਨਾਸਤਿਕ ਕਿਉਂ ਹਾਂ ਵੀ ਲਿਖਿਆ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਉਹਨਾਂ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ । ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਲੱਗਭੱਗ 7 ਵਜਕੇ 33 ਮਿੰਟ ਤੇ ਹੀ ਫਾਂਸੀ ਦੇ ਦਿੱਤੀ।

ਫਾਂਸੀ ਤੋਂ ਬਾਅਦ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰ ਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਅੱਜ ਅਸੀਂ ਬੇਸੱਕ ਸ਼ਹੀਦਾਂ ਦਾ ਸ਼ਹੀਦੀ ਦਿਵਸਮ ਮਨਾ ਰਹੇ ਹਾਂ ਪ੍ਰੰਤੂ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਦਾ ਅਜਾਦ ਭਾਰਤ ਬਣਾਉਣ ਲਈ ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ।

# ਪੰਜਾਬ ਦਾ ਸੁਲੱਗ ਸੁਚੇਤ ਪੁੱਤਰ ਹੈ ਭਗਵੰਤ ਮਾਨ

ਭਾਰਤੀ ਪਾਰਲੀਮੈਂਟ ਚ ਬਾਬਾ ਨਜਮੀ ਤੇ ਸੰਤ ਰਾਮ ਉਦਾਸੀ ਵੀ ਬਿਨ ਮੈਂਬਰੀ ਤੋਂ ਬੋਲ ਜਾਂਦੇ ਹਨ ਹਨ ਜਦਕਿ ਨਾ ਤਾਂ ਲਾਹੌਰ ਵਾਸੀ ਪਾਕਿਸਤਾਨੀ ਸ਼ਾਇਰ ਬਾਬਾ ਨਜਮੀ ਨੇ ਭਾਰਤੀ ਪਾਰਲੀਮੈਂਟ ਦੀ ਚੋਣ ਲੜੀ ਹੈ ਤੇ ਨਾ ਸਵਰਗੀ ਪੰਜਾਬੀ ਕਵੀ ਸੰਤ ਰਾਮ ਉਦਾਸੀ ਨੇ,ਪਰ ਉਹ ਭਾਰਤੀ ਪਾਰਲੀਮੈਂਟ ਦੀਆਂ ਬਹਿਸ ਚ ਅਕਸਰ ਹਿੱਸਾ ਲੈਂਦੇ ਵੇਖੇ ਗਏ ਹਨ।

ਪਿਛਲੇ ਦਿਨੀਂ ਉਹ ਦੋਵੇਂ ਭਗਵੰਤ ਮਾਨ ਦੇ ਮੱਥੇ ਚ ਜਾ ਲੁਕੇ ਤੇ ਸਮਾਜਕ ਸੁਰੱਖਿਆ ਬਾਰੇ ਬਹਿਸ ਚ ਬੋਲਣ ਲੱਗ ਪਏ।

ਬਾਕੀ ਮੈਂਬਰ ਹੈਰਾਨ ਪਰੇਸ਼ਾਨ,
ਅਖੇ ਇਹ ਕੀ?
ਪਾਕਿਸਤਾਨੀ ਕਵੀ ਕਿਵੇਂ ਬੋਲ ਸਕਦੈ ਸਾਡੀ ਪਾਰਲੀਮੈਂਟ ਚ?
ਪਰ ਉਹ ਬੋਲਦਾ ਰਿਹਾ।
ਸ਼ੀਸ਼ੇ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਨੇ।
ਜਿਲਦਾਂ ਸਾਂਭੀ ਜਾਂਦੇ ਨੇ, ਪਰ ਵਰਕੇ ਪਾੜੀ ਜਾਂਦੇ ਨੇ।
ਜਿਉਂਦਿਆਂ ਦੇ ਗ਼ਲ ਲੀਰਾਂ ਲਮਕਣ , ਕੋਈ ਉਨ੍ਹਾਂ ਨੂੰ ਪੁੱਛਦਾ ਨਹੀਂ,
ਮੜ੍ਹੀਆਂ ਉੱਤੇ ਤਿੱਲੇ ਜੜੀਆਂ ਚਾਦਰਾਂ ਚਾੜ੍ਹੀ ਜਾਂਦੇ ਨੇ।

ਆਪਣੀ ਗੱਲ ਮੁਕਾ ਕੇ ਬਾਬਾ ਨਜਮੀ ਹਟਿਆ ਤਾਂ ਸਵਰਗੀ ਸੰਤ ਰਾਮ ਉਦਾਸੀ ਬੋਲ ਪਿਆ।

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ।
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ।
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ।
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ।
ਤੂੰ ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ।

ਬਾਕੀ ਮੈਂਬਰ ਪਾਰਲੀਮੈਂਟ ਹੈਰਾਨ ਹੋ ਰਹੇ ਸਨ ਕਿ ਸੰਗਰੂਰ ਵਾਲਿਆਂ ਨੇ ਮੈਂਬਰ ਪਾਰਲੀਮੈਂਟ ਤਾਂ ਇੱਕ ਚੁਣ ਕੇ ਘੱਲਿਆ ਸੀ, ਇਥੇ ਕਈ ਕਈ ਜਣੇ ਬੋਲੀ ਜਾਂਦੇ ਨੇ।
ਕਦੇ ਬਾਬਾ ਨਜਮੀ, ਕਦੇ ਸੰਤ ਰਾਮ ਉਦਾਸੀ, ਕਦੇ ਸੁਰਜੀਤ ਪਾਤਰ ਕਦੇ ਜਗਤਾਰ ਕਦੇ ਕੋਈ ਹੋਰ।

ਕੋਈ ਪਤਾ ਨਹੀਂ ਕਦੋਂ ਕੋਈ ਭਗਵੰਤ ਮਾਨ ਦੀ ਸ਼ਿਕਾਇਤ ਕਰ ਦੇਵੇ ਕਿ ਇਹ ਮੱਥੇ ਚ ਏਨੇ ਓਪਰੇ ਬੰਦੇ ਕਿਉਂ ਲੈ ਕੇ ਆਉਂਦਾ ਹੈ ਜੋ ਬਹਿਸ ਚ ਵੀ ਹਿੱਸਾ ਲੈ ਜਾਂਦੇ ਨੇ।



ਦੇਸ਼ ਦੀ ਸੁਰੱਖਿਆ ਵਾਲਾ ਕਾਨੂੰਨ ਦਾ ਹਵਾਲਾ ਦੇ ਕੇ ਭਗਵੰਤ ਦੇ ਮੱਥੇ ਦੀ ਵੀ ਤਲਾਸ਼ੀ ਲਈ ਜਾ ਸਕਦੀ ਹੈ ਕਿਸੇ ਦਿਨ।

ਇਸ ਪ੍ਰਸੰਗ ਚ ਸੁਰਜੀਤ ਪਾਤਰ ਜੀ ਦੀ ਇੱਕ ਬਹੁਤ ਪਹਿਲਾਂ ਲਿਖੀ ਨਮ ਜਸ਼ਨ ਚੇਤੇ ਆ ਰਹੀ ਹੈ।
ਜਿਸ ਚ ਉਹ ਆਖਦੇ ਹਨ।
ਮੇਰੇ ਨਾਲ ਹਰ ਜਸ਼ਨ ਵਿੱਚ
ਏਦਾਂ ਹੀ ਹੋਇਆ।
ਉਹ ਸਾਰੇ ਆ ਗਏ ਮੌਕੇ
ਮੁਤਾਬਕ ਰੰਗ ਕੇ ਚਿਹਰੇ,
ਤੇ ਮੈਂ ਨੰਗੇ ਹੀ ਮੂੰਹ ਸਾਂ ਜਾ
ਖਲੋਇਆ।
ਬੜੀ ਵਾਰੀ ਮੈਂ ਆਪਣੀ
ਮੋਈ ਮਾਂ ਨੂੰ ਆਖਿਆ ਹੈ
ਤੂੰ ਜਸ਼ਨਾਂ ਚ ਮੇਰੇ ਨਾਲ ਨਾ
ਜਾਇਆ ਕਰ।
ਤੇਰੀ ਹਾਜ਼ਰੀ ਚ ਮੈਥੋਂ ਹੱਸ ਨਹੀਂ ਹੁੰਦਾ।

ਭਗਵੰਤ ਮਾਨ ਨੂੰ ਵੀ ਹੁਣ ਚੌਕਸ ਹੋਣਾ ਪਵੇਗਾ, ਆਪਣੇ ਲੋਕਾਂ ਦੇ ਫ਼ਿਕਰਾਂ ਸਮੇਤ ਪਾਰਲੀਮੈਂਟ ਵਿੱਚ ਬਾਬਾ ਨਜਮੀ ਤੇ ਸੰਤ ਰਾਮ ਉਦਾਸੀ ਨੂੰ ਨਾਲ ਲੈ ਕੇ ਨਹੀਂ ਜਾਣਾ ਚਾਹੀਦਾ। ਬਾਕੀ ਮੈਂਬਰ ਬੁਰਾ ਮਨਾ ਸਕਦੇ ਹਨ।
ਉਸ ਤੇ ਬੜੇ ਆਰਾਮ ਨਾਲ ਕਾਰਵਾਈ ਹੋ ਸਕਦੀ ਹੈ।
ਸਾਵਧਾਨ!
ਭਗਵੰਤ ਮਾਨ!

ਪਿੱਛੋਂ ਸੁੱਝੀ: ਅੱਜ ਸ਼ਾਮ ਭਗਵੰਤ ਦਾ ਫੋਨ ਆਇਆ। ਉਸ ਦੱਸਿਆ ਕਿ ਕੈਨੇਡਾ ਤੋਂ ਆਇਆ ਲੇਖਕ ਦੋਸਤ ਤੇ ਮੀਡੀਆ ਮਹਾਂਰਥੀ ਇਕਬਾਲ ਮਾਹਲ ਉਸ ਕੋਲ ਠਹਿਰਿਆ ਹੈ। ਸ਼ਾਮ ਦੀ ਸੈਰ ਨੂੰ ਜਾਂਦਿਆਂ ਉਨ੍ਹਾਂ ਫੋਟੋ ਖਿਚਵਾ ਕੇ ਘੱਲੀ ਹੈ।

ਭਗਵੰਤ ਦਾ ਨਵਾਂ ਘਰ , ਜੋ ਕਲਾਵੰਤ ਪੰਜਾਬੀਆਂ ਨੂੰ ਹਮੇਸ਼ਾਂ ਉਡੀਕਦਾ ਹੈ। ਨਵੇਂ ਘਰ ਦੇ ਸ਼ਗਨ ਦੇ ਤੌਰ ਤੇ ਮੈਂ ਉਸ ਨੂੰ ਭੂਸ਼ਨ ਦੇ ਦੋ ਸ਼ਿਅਰ ਸੁਣਾ ਕੇ ਗੱਲ ਮੁਕਾਈ।
ਜਿੰਨਾ ਸੂਰਜ ਚੀਰ ਲਿਆ ਤੂੰ ਤੇਰਾ ਹੈ।
ਬਾਕੀ ਬਚਦਾ ਸਾਰਾ ਸੂਰਜ ਮੇਰਾ ਹੈ।

ਯਾਰ ਮੇਰੀ ਤਸਵੀਰ ਬਣਾਇਉ ਕੰਧਾਂ ਤੇ,
ਕਾਗ਼ਜ਼ ਨਾਲੋਂ ਮੇਰਾ ਕੱਦ ਲੰਮੇਰਾ ਹੈ।

**- ਗੁਰਭਜਨ ਗਿੱਲ**

# ਇਟਲੀ 'ਚ ਆਪਣੇ ਪਰਿਵਾਰਕ ਮੈਂਬਰਾਂ ਨੂੰ ਆਖਰੀ ਵਾਰ ਨਾ ਦੇਖ ਸਕੇ ਲੋਕ

ਰੋਮ- ਚੀਨ ਦੇ ਬਾਅਦ ਇਟਲੀ ਦੁਨੀਆ 'ਚ ਕੋਰੋਨਾ ਨਾਲ ਦੂਜਾ ਸਭ ਤੋਂ ਪ੍ਰਭਾਵਿਤ ਦੇਸ਼ ਹੈ। ਇੱਥੇ ਵਾਇਰਸ ਨੇ ਹੁਣ ਤਕ 2,100 ਤੋਂ ਜ਼ਿਆਦਾ ਲੋਕਾਂ ਦੀ ਜਾਨ ਲੈ ਲਈ ਹੈ। ਸੋਮਵਾਰ ਨੂੰ ਇਕ ਹੀ ਦਿਨ 'ਚ 300 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਦਹਿਸ਼ਤ ਭਰੇ ਅੰਕੜਿਆਂ ਵਿਚਾਲੇ ਦਿਲ ਨੂੰ ਚੁੱਭਣ ਵਾਲੀ ਗੱਲ ਇਹ ਵੀ ਹੈ ਕਿ ਆਪਣੇ ਪਿਆਰਿਆਂ ਨੂੰ ਇਸ ਵਾਇਰਸ ਦੇ ਕਾਰਨ ਗੁਆ ਦੇਣ ਵਾਲੇ ਲੋਕ ਆਖਰੀ ਵਾਰੀ ਉਨ੍ਹਾਂ ਨੂੰ ਦੇਖ ਵੀ ਨਹੀਂ ਸਕੇ। ਕੋਰੋਨਾ ਨੇ ਇਟਲੀ ਨੂੰ ਬੁਰੀ ਤਰ੍ਹਾਂ ਗ੍ਰਿਫ਼ਤ ਵਿਚ ਲੈ ਲਿਆ ਹੈ। ਸਰਕਾਰ ਨੇ ਸਾਰਿਆਂ ਨੂੰ ਘਰਾਂ 'ਚ ਰਹਿਣ ਦਾ ਆਦੇਸ਼ ਸੁਣਾ ਦਿੱਤਾ ਹੈ। ਡਾਕਟਰ ਤੇ ਨਰਸ ਦਿਨ-ਰਾਤ ਲੋਕਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਘਰਾਂ ਵਿਚ ਕੈਦ ਬੱਚੇ ਖਿੜਕੀਆਂ ਤੋਂ ਰੰਗ-ਬਿਰੰਗੇ ਪੋਸਟਰ ਲਹਿਰਾ ਕੇ ਖ਼ੁਦ ਨੂੰ ਬਹਿਲਾ ਰਹੇ ਹਨ। ਘਰ ਦੇ ਵੱਡੇ ਲੋਕ ਬਾਲਕੋਨੀ 'ਚ ਖੜ੍ਹੇ ਹੋ ਕੇ ਗਾਣਾ ਗਾਉਂਦੇ ਹੋਏ ਖ਼ੁਦ ਨੂੰ ਸਕੂਨ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਦਿਲ ਵਿਚ ਸ਼ਾਂਤੀ ਰੱਖਣ ਦੀਆਂ ਇਨ੍ਹਾਂ ਕੋਸ਼ਿਸ਼ਾਂ ਵਿਚਾਲੇ ਸਭ ਤੋਂ ਵੱਡਾ ਦਰਦ ਹੈ ਉਨ੍ਹਾਂ ਆਪਣਿਆਂ ਦੀਆਂ ਲਾਸ਼ਾਂ, ਜਿਨ੍ਹਾਂ ਨੇ ਇਸ ਮਹਾਮਾਰੀ ਦੇ ਕਾਰਨ ਜਾਨ ਗੁਆ ਦਿੱਤੀ ਹੈ। ਕੋਰੋਨਾ ਦੀ ਦਹਿਸ਼ਤ ਕਾਰਨ ਇਟਲੀ ਨੇ ਸਸਕਾਰ ਦੇ ਰਵਾਇਤੀ ਤਰੀਕਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਲਈ ਚਾਹ ਕੇ ਵੀ ਲੋਕ ਆਪਣੇ ਪਿਆਰਿਆਂ ਦਾ ਰਸਮੀ ਸਸਕਾਰ ਨਹੀਂ ਕਰ ਪਾ ਰਹੇ। ਕੁਝ ਸੂਬਿਆਂ 'ਚ ਆਪਣੇ ਪਿਆਰਿਆਂ ਦਾ ਰਸਮੀ ਸਸਕਾਰ ਨਹੀਂ ਕਰ ਪਾ ਰਹੇ। ਕੁਝ ਸੂਬਿਆਂ ਵਿਚ ਹਸਪਤਾਲ ਲਾਸ਼ਾਂ ਨਾਲ ਭਰੇ ਹਨ। ਦ੍ਰਿਸ਼ ਖ਼ਤਰਨਾਕ ਹੋ ਗਿਆ ਹੈ। ਕਬਰਿਸਤਾਨਾਂ 'ਚ ਲੋਕਾਂ ਨੂੰ ਦਫਨਾਉਣਾ ਵੀ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਇਟਲੀ ਦੇ ਬਰਗਾਮੋ ਸੂਬੇ ਦੇ ਚਰਚ ਆਫ ਆਲ ਸੈਂਟਰਸ ਦੇ ਪਾਦਰੀ ਮਾਰਕੋ ਬਰਗਾਮੇਲੀ ਨੇ ਕਿਹਾ, 'ਰੋਜ਼ ਸੈਂਕੜੇ ਲੋਕਾਂ ਦੀ ਮੌਤ ਹੋ ਰਹੀ ਹੈ। ਸਾਨੂੰ ਸਮਝ ਨਹੀਂ ਆ ਰਿਹਾ ਕਿ ਉਨ੍ਹਾਂ ਨੂੰ ਕਿੱਥੇ ਦਫਨਾਈਏ। ਇਕ ਲਾਸ਼ ਨੂੰ ਦਫਨਾਉਣ 'ਚ ਘੱਟੋ ਘੱਟ ਇਕ ਘੰਟੇ ਦਾ ਸਮਾਂ ਲੱਗਦਾ ਹੈ।

# ਹੋਮਿਓਪੈਥੀ ਅਤੇ ਕਰੋਨਾ ਵਾਇਰਸ



ਡਾ: ਗੋਬਿੰਦਰ ਸਿੰਘ ਸਮਰਾਓ
91-408-991-4249

ਕਰੋਨਾ ਵਾਇਰਸ ਡੀਜੀਜ਼ 2019 ਜਾਂ ਕੋਵਿਡ-19 (Coronavirus Disease 2019 or Covid-19) ਜਿਸ ਨੂੰ ਆਮ ਭਾਸ਼ਾ ਵਿਚ ਕਰੋਨਾਵਾਇਰਸ ਕਿਹਾ ਜਾਂਦਾ ਹੈ, ਦੇ ਦੁਨੀਆਂ ਭਰ ਵਿਚ ਤੇਜੀ ਨਾਲ ਫੈਲਣ ਦੇ ਸਮਾਚਾਰ ਆ ਰਹੇ ਹਨ। ਇਸ ਵਾਇਰਸ ਤੋਂ ਕਿਵੇਂ ਬਚਿਆ ਜਾਵੇ, ਇਹ ਹਰ ਇਕ ਲਈ ਇਹ ਸਭ ਤੋਂ ਵੱਡਾ ਫਿਕਰ ਬਣਿਆ ਹੋਇਆ ਹੈ। ਇਸ ਦੀ ਰੋਕ ਥਾਮ ਲਈ ਲੋਕ ਤਰ੍ਹਾਂ ਤਰ੍ਹਾਂ ਦੇ ਸੁਝਾਓ ਦੇ ਰਹੇ ਹਨ। ਭੀੜ ਤੋ ਬਚਣ ਅਤੇ ਕਿਸੇ ਬਾਹਰਲੀ ਚੀਜ਼ ਨੂੰ ਹੱਥ ਲਾਉਣ ਤੋ ਪਰਹੇਜ ਕਰਨ ਲਈ ਕਿਹਾ ਜਾ ਰਿਹਾ ਹੈ। ਗਰਮ ਪਾਣੀ ਨਾਲ ਹੱਥ ਧੋਣ ਤੋਂ ਲੈ ਕੇ ਤੇ ਮਾਸਕ (mask) ਪਹਿਨਣ ਤੀਕਰ ਕਈ ਗੱਲਾਂ ਸੁਝਾਈਆਂ ਜਾ ਰਹੀਆਂ ਹਨ। ਪਰ ਲੋਕਾਂ ਦੀ ਚਿੰਤਾ ਘਟਦੀ ਨਜ਼ਰ ਨਹੀਂ ਆਉਂਦੀ। ਘਬਰਾਏ ਹੋਏ ਲੋਕ ਅਰਦਾਸਾਂ ਤੇ ਉਤਰ ਆਏ ਹਨ।

ਐਲੋਪੈਥਿਕ ਡਾਕਟਰ ਇਸ ਵਿਸ਼ੇ ਤੇ ਚੁੱਪ ਹਨ। ਉਹ ਤਾਂ ਸ਼ੱਕੀ ਮਰੀਜ਼ਾਂ ਨੂੰ ਲੱਭ ਕੇ ਬੰਦ (quarantine) ਕਰ ਰਹੇ ਹਨ ਤਾਂ ਜੋ ਰੋਗ ਅੱਗੇ ਨਾ ਫੈਲੇ। ਸ਼ਾਇਦ ਉਹਨਾਂ ਕੋਲ ਇਸ ਦੇ ਇਲਾਜ਼ ਦੀਆਂ ਦਵਾਈਆਂ ਨਹੀਂ ਹਨ ਜਾਂ ਉਹ ਇਸ ਦੀ ਕਿਸੇ ਵੈਕਸੀਨ (vaccine) ਦੀ ਉਡੀਕ ਕਰ ਰਹੇ ਹਨ। ਪਰ ਦੂਜੀਆਂ ਪ੍ਰਣਾਲੀਆਂ ਵਾਲੇ ਬਚਾਓ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਦੱਸ ਰਹੇ ਹਨ। ਘਰੇਲੂ ਨੁਸਖਿਆਂ ਵਾਲੇ ਕੱਚਾ ਪਿਆਜ ਖਾਣ ਨੂੰ ਤੇ ਖਾਣ ਪੀਣ ਵਾਲੇ ਵਿਸਕੀ ਜਾਂ ਬ੍ਰਾਂਡੀ ਨੂੰ ਵਾਇਰਸ ਭਜਾਉਣ ਦੀਆਂ ਰਾਮਬਾਣ ਔਸ਼ਧੀਆਂ ਦੱਸ ਰਹੇ ਹਨ। ਯੋਗਾ ਦੇ ਸਮਰਥਕ ਯੋਗ ਕਸਰਤਾਂ ਨੂੰ ਤੇ ਆਯੁਰਵੇਦ ਵਾਲੇ ਤੁਲਸੀ, ਚਵਨਪ੍ਰਾਸ਼ ਤੇ ਸ਼ਡੰਗਪਾਣੀ ਆਦਿ ਦਾ ਸੇਵਨ ਕਰਨ ਨੂੰ ਸਭ ਤੋਂ ਕਾਰਗਰ ਨੁੱਸਖੇ ਦੱਸ ਰਹੇ ਹਨ। ਇਸ ਤੋਂ ਇਲਾਵਾ ਭਾਰਤ ਵਿਚ ਕਈ ਰਾਜਸੀ ਪ੍ਰਭਾਵ ਵਾਲੇ ਨੇਤਾ ਗਊ-ਮੂਤਰ ਤੇ ਗਊ-ਗੋਬਰ ਦੇ ਸੇਵਨ ਨੂੰ ਸ਼ਰਤੀਆ ਉਪਾਓ ਕਹਿ ਰਹੇ ਹਨ। ਇਸ ਦੇ ਨਾਲ ਨਾਲ ਇੱਦਾਂ ਦੇ ਕਈ ਅਣਜਾਣ ਵਿਅਕਤੀ ਹੋਮਿਓਪੈਥਿਕ ਦਵਾਈਆਂ ਵਿਰੁਧ ਕੂੜ ਪ੍ਰਚਾਰ ਕਰਦੇ ਹੋਏ ਇਹ ਵੀ ਕਹਿ ਰਹੇ ਹਨ ਕਿ ਇਹ ਦਵਾਈਆਂ ਵਿਦੇਸ਼ੀ ਹਨ। ਉਹ ਇਹਨਾਂ ਨੂੰ ਉੱਕਾ ਹੀ ਬੇਕਾਰ ਦੱਸਦੇ ਹਨ ਤੇ ਹਰ ਤਕਲੀਫ ਲਈ ਗਰਮ ਪਾਣੀ ਪੀਣ ਦੀ ਸਲਾਹ ਦੇਂਦੇ ਹਨ।

ਪਰ ਉਪਾਅ ਲਈ ਦਵਾਈਆਂ ਦੇ ਸਭ ਤੋਂ ਵਧ ਸੁਝਾਅ ਹੋਮਿਓਪੈਥਾਂ ਵਲੋਂ ਹੀ ਆ ਰਹੇ ਹਨ। ਉਹ ਇਸ ਮਹਾਂਮਾਰੀ (epidemics) ਦੀ ਰੋਕ ਥਾਮ ਲਈ ਵੱਖ ਵੱਖ ਹੋਮਿਓਪੈਥਿਕ ਦਵਾਈਆਂ ਲੈਣ ਦੀ ਸ਼ਿਫਾਰਸ ਕਰ ਰਹੇ ਹਨ। ਕਈ ਆਰਸੈਨਿਕਮ ਐਲਬਮ (Arsenicum Album) ਨੂੰ, ਕਈ ਇਯੂਪਾਟੋਰੀਅਮ ਪਰਫੋਲੀਏਟਮ (Eupatorium Perfoliatum) ਨੂੰ ਤੇ ਕਈ ਫਾਸਫੋਰਸ (Phosphorus) ਨੂੰ ਵੱਖ ਵੱਖ ਪੋਟੈਂਸੀਆਂ ਵਿਚ ਵਰਤਣ ਦੀ ਸਲਾਹ ਦੇ ਰਹੇ ਹਨ। ਉਹਨਾਂ ਵਲੋਂ ਕਈ ਹੋਰ ਦਵਾਈਆਂ ਦਾ ਨਾ ਵੀ ਲਿਆ ਜਾ ਰਿਹਾ ਹੈ ਜਿਨ੍ਹਾਂ ਦੇ ਜਿਕਰ ਦੀ ਲੋੜ ਨਹੀਂ। ਇਹਨਾਂ ਵਿਚੋਂ ਕਿਸੇ ਦਵਾਈ ਤੇ ਵੀ ਉਦੋਂ ਤੀਕਰ ਟਿਪਣੀ ਕਰਨਾ ਨਹੀਂ ਬਣਦਾ ਜਦੋਂ ਤੀਕਰ ਇਹ ਪਤਾ ਨਾ ਹੋਵੇ ਕਿ ਪ੍ਰੋੜ੍ਹਤਾ ਕਰਨ ਵਾਲਾ ਹੋਮਿਓਪੈਥ ਇਸ ਦੀ ਸ਼ਿਫਾਰਸ਼ ਕਿਸ ਆਧਾਰ ਤੇ ਕਰ ਰਿਹਾ ਹੈ। ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਹੋਮਿਉਪੈਥੀ ਇਕ ਨਿਯਮ-ਆਧਾਰਿਤ (law-based) ਚਿਕਿਤਸਾ ਪ੍ਰਣਾਲੀ ਹੈ ਜੋ ਕਰੋਨਾ ਵਾਇਰਸ ਜਿਹੀਆਂ ਵਬਾਵਾਂ (epidemics) ਦੀ ਰੋਕ ਥਾਮ ਲਈ ਪੂਰੀ ਤਰ੍ਹਾਂ ਸਮਰੱਥ ਹੈ। ਜੋ ਲੋਕ ਬਿਨਾਂ ਪਰਖੇ ਇਸ ਦਾ ਵਿਰੋਧ ਕਰਦੇ ਹਨ ਉਹ ਆਪਣਾ ਹੀ ਨੁਕਸਾਨ ਕਰ ਰਹੇ ਹਨ ਕਿਉਂਕਿ ਇਸ ਤੋਂ ਦੂਰ ਰਹਿ ਕੇ ਉਹ ਇਸ ਦੇ ਵਿਗਿਆਨਕ ਲਾਭਾਂ ਤੋਂ ਵੰਝੇ ਹੋ ਜਾਂਦੇ ਹਨ।

ਇਕ ਗੱਲ ਯਾਦ ਰੱਖਣ ਯੋਗ ਹੈ। ਹੋਮਿਉਪੈਥੀ ਰੋਗ ਦੇ ਨਾਂ ਜਾਂ ਉਸ ਦੇ ਵਾਇਰਸ/ ਬੈਕਟੇਰੀਆ ਨੂੰ ਖਤਮ ਕਰ ਕੇ ਇਲਾਜ਼ ਨਹੀਂ ਕਰਦੀ ਸਗੋਂ ਮਰੀਜ਼ ਵਿਚ ਆਏ ਰੋਗ ਦੇ ਲਛਣਾਂ ਅਨੁਸਾਰ ਕੰਮ ਕਰਦੀ ਹੈ। ਇਸੇ ਲਈ ਇਸ ਪ੍ਰਣਾਲੀ ਵਿਚ ਬੈਕਟੇਰੀਆ ਲੱਭਣ ਲਈ ਲਿਬਾਰਟਰੀ ਟੈਸਟਾਂ ਦੀ ਲੋੜ ਨਹੀਂ ਪੈਂਦੀ। ਮਰੀਜ਼ ਦੇ ਲੱਛਣ ਬਣਦੀ ਦਵਾਈ ਵਲ ਆਪ ਇਸ਼ਾਰਾ ਕਰ ਦਿੰਦੇ ਹਨ। ਕਿਉਂਕਿ ਇਸ ਦੀ ਕਾਰਜਸ਼ੈਲੀ ਦੂਜੀਆਂ ਪ੍ਰਣਾਲੀਆਂ ਨਾਲੋਂ ਵੱਖਰੀ ਹੈ ਇਸ ਲਈ ਇਸ ਦੀ ਇਲਾਜ਼ ਕਰਨ ਦੀ ਸਮਰੱਥਾ ਵੀ ਉਹਨਾਂ ਤੋਂ ਵੱਖਰੇ ਕਿਸਮ ਦੀ ਹੈ। ਇਸ ਕਥਨ ਵਿਚ ਕਿਸੇ ਪ੍ਰਕਾਰ ਦੀ ਹੈਰਾਨੀ ਦੀ ਗੁੰਜਾਇਸ ਨਹੀਂ ਹੈ।

ਹੋਮਿਓਪੈਥਾਂ ਦੇ ਦੱਸੇ ਉਪਾਵਾਂ ਨੂੰ ਸਮਝਣ ਲਈ ਇਹ ਜਾਣਨਾ ਜਰੂਰੀ ਹੈ ਕਿ ਹੋਮਿਉਪੈਥੀ ਮਹਾਂਮਾਰੀਆਂ ਨੂੰ ਦੋ ਪਾਸਿਆਂ ਤੋਂ ਕੰਟਰੋਲ ਕਰ ਸਕਦੀ ਹੈ। ਇਕ ਪਾਸੇ ਇਹ ਸਮਾਜਕ ਪੱਧਰ ਤੇ ਰੋਕ ਥਾਮ ਲਈ ਵਰਤੀ ਜਾਂਦੀ ਹੈ ਤੇ ਦੂਜੇ ਪਾਸੇ ਬੀਮਾਰ ਹੋ ਚੁੱਕੇ ਮਰੀਜ਼ਾਂ ਦੇ ਇਲਾਜ਼ ਲਈ। ਜਦੋਂ ਇਹ ਰੋਕ ਥਾਮ ਲਈ ਵਰਤੀ ਜਾਂਦੀ ਹੈ ਤਾਂ ਵੱਖ ਵੱਖ ਸੋਮਿਆਂ ਤੋਂ ਮਹਾਂਮਾਰੀ ਦੇ ਆਮ ਲੱਛਣ ਪਤਾ ਕਰ ਕੇ ਦਵਾਈ ਲੱਭੀ ਜਾਂਦੀ ਹੈ। ਅਜੇਹੀ ਦਵਾਈ ਨੂੰ ਜੀਨੱਸ ਐਪੀਡੈਮੀਕਸ (Genus Epidemicus) ਕਹਿੰਦੇ ਹਨ ਤੇ ਇਹ ਪ੍ਰਭਾਵਿਤ ਹਲਕਿਆਂ ਵਿਚ ਰਹਿੰਦੇ ਸਭ ਅਰੋਗ ਵਿਅਕਤੀਆਂ ਨੂੰ ਦਿੱਤੀ ਜਾਂਦੀ ਹੈ। ਉਹਨਾਂ ਵਿਚ ਇਹ ਇਕ ਵੈਕਸੀਨ ਦੀ ਤਰ੍ਹਾਂ ਕੰਮ ਕਰਦੀ ਹੈ ਭਾਵ ਇਹ ਮਹਾਂਮਾਰੀ ਅੱਗੇ ਕਵਚ ਬਣ ਕੇ ਖਲੋ ਜਾਂਦੀ ਹੈ। ਪਿਛਲੀ ਸਦੀ ਵਿਚ ਅਮਰੀਕਾ ਵਿਚ ਹੋਮਿਓਪੈਥੀ ਨੇ ਹੈਜ਼ੇ ਦੀ ਸਫਲ ਰੋਕ ਥਾਮ ਇਸੇ ਢੰਗ ਨਾਲ ਕੀਤੀ ਸੀ। ਇਸ ਸਦੀ ਦੇ ਸ਼ੁਰੂ ਵਿਚ ਤਾਮਿਲ ਨਾਡੂ ਦੇ ਡਾ: ਵੀ ਕ੍ਰਿਸਨਾਮੂਰਤੀ ਨੇ ਚਿਕਨਗੁਨਿਆ, ਸਾਰਸ ਤੇ ਸਵਾਈਨ ਫਲੂ ਦੀਆਂ ਦਵਾਈਆਂ ਕੱਢੀਆਂ ਸਨ ਜਿਹਨਾਂ ਨੂੰ ਉਹਨਾਂ ਦੇ ਕਹਿਣ ਅਨੁਸਾਰ 95% ਕਾਮਯਾਬੀ ਮਿਲੀ ਸੀ।

ਜਦੋਂ ਤੀਕਰ ਮੱਨੁਖਾਂ ਦੇ ਸ਼ਰੀਰ ਵਿਚ ਜੀਨੱਸ ਐਪੀਡੈਮੀਕਸ ਦਾ ਅਸਰ ਰਹਿੰਦਾ ਹੈ ਇਸ ਦੇ ਲੱਛਣਾਂ ਵਾਲੀ ਬੀਮਾਰੀ ਇਸ ਵਿਚ ਦਾਖਲ ਨਹੀਂ ਹੋ ਸਕਦੀ। ਕੁਦਰਤ ਦਾ ਨਿਂਮ ਹੈ ਕਿ ਇਕ ਸ਼ਰੀਰ ਵਿਚ ਇਕ ਵੇਲੇ ਇਕੋ ਪਰਕਾਰ ਦੀਆਂ ਦੋ ਬਿਮਾਰੀਆਂ ਨਹੀਂ ਰਹਿ ਸਕਦੀਆਂ। ਹੋਮਿਉਪੈਥੀ ਇਸੇ ਨਿਯਮ ਅਨੁਸਾਰ ਕੰਮ ਕਰਦੀ ਹੈ। ਰੋਕ ਥਾਮ ਤੋਂ ਬਾਦ ਵੀ ਜੇ ਕੋਈ ਵਿਅਕਤੀ ਇਸ ਦੀ ਲਪੇਟ ਵਿਚ ਆ ਜਾਵੇ ਤਾਂ ਉਸ ਦਾ ਇਲਾਜ਼ ਉਸ ਦੀ ਬੀਮਾਰੀ ਦੀਆਂ ਖਾਸ ਭਾਵ ਵਿਅਕਤੀਗਤ ਨਿਸ਼ਾਨੀਆਂ ਅਨੁਸਾਰ ਕੀਤਾ ਜਾਂਦਾ ਹੈ। ਬੀਮਾਰ ਵਿਅਕਤੀਆਂ ਦਾ ਇਲਾਜ ਇਕ ਵੱਖਰਾ ਵਿਸ਼ਾ ਹੈ। ਉਸ ਬਾਰੇ ਇੱਥੇ ਚਰਚਾ ਸੰਭਵ ਨਹੀਂ ਹੈ। ਉਸ ਕੰਮ ਲਈ ਮਰੀਜ਼ ਕਿਸੇ ਸਿਆਣੇ ਹੋਮਿਓਪੈਥ ਨਾਲ ਅੱਲਗ ਤੋਂ ਸੰਪਰਕ ਕਰ ਸਕਦੇ ਹਨ।



ਸੋ ਕਰੋਨਾ ਵਾਈਰਸ ਦੀ ਰੋਕ ਥਾਮੀ ਦਵਾਈ ਲੱਭਣ ਲਈ ਇਸ ਦੀਆਂ ਮੁੱਖ ਅਲਾਮਤਾਂ (symptoms) ਦਾ ਪਤਾ ਹੋਣਾ ਚਾਹੀਦਾ ਹੈ। ਹੁਣ ਤੀਕਰ ਦੀਆਂ ਦੱਸੀਆਂ ਗਈਆਂ ਮੁੱਖ ਨਿਸ਼ਾਨੀਆਂ ਹਲਕਾ ਜਾਂ ਤੇਜ ਬੁਖਾਰ, ਸੁਕੀ ਖੰਘ, ਤੇਜ ਸਾਹ, ਛਾਤੀ ਦੀ ਜਕੜਨ, ਨਮੋਨੀਆਂ, ਆਦਿ ਹਨ। ਇਰਾਨ ਵਿਚ ਕਈ ਕੇਸਾਂ ਵਿਚ ਸਿਰ ਦਰਦ ਵੀ ਪਾਇਆ ਗਿਆ ਹੈ। ਜੈਪੁਰ ਦੇ ਭਾਰਤੀ ਹੋਮਿਓਪੈਥ ਡਾਕਟਰ ਮਨੀਸ਼ ਭਾਟੀਆ ਨੇ ਇਹਨਾਂ ਲੱਛਣਾਂ ਦੇ ਹਿਸਾਬ, ਈ-ਮੇਲ ਰਾਹੀਂ ਵੰਡੇ ਆਪਣੇ ਇਕ ਖੋਜ ਪੱਤਰ ਵਿਚ ਇਕ ਦਰਜਨ ਤੋਂ ਵੀ ਵੱਧ ਦਵਾਈਆਂ ਦਾ ਜਿਕਰ ਕੀਤਾ ਹੈ। ਪਰ ਉਹਨਾ ਨੇ ਇਹਨਾਂ ਵਿਚੋਂ ਉਹ ਦਵਾਈਆਂ ਖਾਰਜ ਕਰ ਦਿੱਤੀਆਂ ਹਨ ਜਿਹਨਾਂ ਵਿਚ ਵਿਚ ਨੱਕ ਚੋਂ ਪਾਣੀ ਵਗਣ ਦਾ ਲੱਛਣ ਹੈ ਕਿਉਂਕਿ ਇਹ ਮਹਾਂਮਾਰੀ ਵਿਚ ਨਹੀਂ ਮਿਲਦਾ। ਇਸ ਤੋਂ ਇਲਾਵਾ ਕਰੋਨਾ ਵਾਇਰਸ ਇਕ ਲੰਮੇ ਵਿਕਾਸ ਸਮੇਂ (long incubation period) ਵਾਲੀ ਮਹਾਂਮਾਰੀ ਹੈ। ਇਸ ਲੱਛਣ ਅਨੁਸਾਰ ਉਹਨਾਂ ਨੇ ਦੋ ਹੋਰ ਦਵਾਈਆਂ ਛੱਡ ਦਿੱਤੀਆਂ ਹਨ। ਇਸ ਤਰ੍ਹਾਂ ਉਹਨਾਂ ਦੀ ਅੰਤਮ ਸੂਚੀ ਵਿਚ ਬ੍ਰਾਏਓਨੀਆ, ਮਰਕਸਾਲ, ਫਾਸਫੋਰਸ, ਲਾਇਕੋਪੋਡੀਅਮ ਤੇ ਕਾਲੀ-ਕਾਰਬ ਪੰਜ ਦਵਾਈਆਂ ਰਹਿ ਜਾਂਦੀਆਂ ਹਨ। ਕਿਹਾ ਜਾਂਦਾ ਹੈ ਕਿ ਕਰੋਨਾ ਵਾਇਰਸ ਠੰਡ ਵਿਚ ਵਧਦਾ ਫੁੱਲਦਾ ਹੈ ਤੇ ਜਿਆਦਾ ਗਰਮੀ ਵਿਚ ਨਹੀਂ ਰਹਿ ਸਕਦਾ। ਇਹ ਸਾਲ ਦੇ ਉਸ ਸਮੇਂ ਆਇਆ ਹੈ ਜਦੋਂ ਰਾਤਾਂ ਨੂੰ ਠੰਡ ਹੈ ਤੇ ਦਿਨੇ ਗਰਮੀ ਵਧਦੀ ਜਾ ਰਹੀ ਹੈ। ਇਹ ਸਿੰਪਟਮ ਕੇਵਲ ਬ੍ਰਾਇਓਨੀਆ ਵਿਚ ਹੈ। ਇਸ ਲਈ ਡਾਕਟਰ ਭਾਟੀਆ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਕੋਵਿਡ-19 ਦੀ ਜੀਨੱਸ ਐਪੀਡੈਮੀਕਸ ਭਾਵ ਰੋਕ-ਥਾਮੀ ਦਵਾਈ ਬ੍ਰਾਇਓਨੀਆ ਹੈ। ਉਹਨਾਂ ਅਨੁਸਾਰ ਇਸ ਦਵਾਈ ਨੂੰ 6ਵੀਂ ਜਾਂ 30ਵੀ ਪੋਟੈਂਸੀ ਵਿਚ ਲੈਣ ਨਾਲ ਇਸ ਮਹਾਂਮਾਰੀ ਤੋਂ ਬਚਾਓ ਹੋ ਸਕਦਾ ਹੈ।

ਭਾਵੇਂ ਬ੍ਰਾਇਓਨੀਆ ਵਿਚ ਇਸ ਮਹਾਂਮਾਰੀ ਦੀਆਂ ਕਈ ਸਿਰਕੱਢ ਅਲਾਮਤਾਂ ਹਨ ਪਰ ਡਾਕਟਰ ਭਾਟੀਆ ਦੇ ਇਹ ਸੁਝਾਅ ਨਾਲ ਪੂਰੀ ਤਰ੍ਹਾਂ ਸਹੀ ਨਹੀਂ ਹੈ। ਕਾਰਣ ਇਹ ਹੈ ਕਿ ਸ਼ਰੀਰਕ ਅਲਾਮਤਾਂ ਦੇ ਟਾਕਰੇ ਹੋਮਿਉਪੈਥੀ ਮਾਨਸਿਕ ਸੰਕੇਤਾਂ (mental symptoms) ਤੇ ਵਧੇਰਾ ਨਿਰਭਰ ਕਰਦੀ ਹੈ। ਕਿਸੇ ਵੀ ਮਹਾਂਮਾਰੀ ਦੀ ਸਭ ਤੋਂ ਵੱਡੀ ਅਲਾਮਤ ਇਹ ਹੁੰਦੀ ਹੈ ਕਿ ਇਹ ਪ੍ਰਭਵਿਤ ਜਨ ਸੰਖਿਆ ਵਿਚ ਡਰ ਭੈ ਪੈਦਾ ਕਰਦੀ ਹੈ। ਬਿਮਾਰੀ ਲੱਗਣ ਤੋਂ ਪਹਿਲਾਂ ਹੀ ਲੋਕ ਇਸ ਦਾ ਦਹਿਸ਼ਤ ਦਾ ਸ਼ਿਕਾਰ ਹੋਏ ਹੁੰਦੇ ਹਨ। ਉਹ ਡਰਦੇ ਹਨ ਕਿ ਕਿਤੇ ਇਹ ਉਹਨਾਂ ਨੂੰ ਦਬੋਚ ਨਾ ਲਵੇ। ਜਾਹਰ ਹੈ ਕਿ ਕਰੋਨਾ ਵਾਇਰਸ ਦੇ ਡਰ ਨੇ ਵੀ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ ਜਿਸ ਦਾ ਅੰਦਾਜ਼ਾ ਲੋਕਾਂ ਦੇ ਮੂੰਹ ਤੇ ਪੱਟੀਆਂ ਤੋਂ ਲਗਾਇਆਂ ਜਾ ਸਕਦਾ ਹੈ। ਜਦੋਂ ਤੀਕਰ ਇਸ ਡਰ ਦੀ ਅਲਾਮਤ ਨੂੰ ਸ਼ਾਮਲ ਨਾ ਕੀਤਾ ਜਾਵੇ ਉਦੋਂ ਤੀਕਰ ਇਸ ਮਹਾਂਮਾਰੀ ਦਾ ਸਹੀ ਤੋੜ ਨਹੀਂ ਲੱਭਿਆ ਜਾ ਸਕਦਾ। ਡਾਕਟਰ ਭਾਟੀਆ ਨੇ ਆਪਣੇ ਵਿਸ਼ਲੇਸ਼ਣ ਵਿਚ ਡਰ ਨਾਂ ਦਾ ਕੋਈ ਸਿੰਪਟਮ ਨਹੀਂ ਲਿਆ।

ਸਰਵੇਖਣ (observation) ਤੋਂ ਪਤਾ ਚਲਦਾ ਹੈ ਕਿ ਪਹਿਲਾਂ ਡਰ ਆਉਂਦਾ ਹੈ ਤੇ ਫਿਰ ਬੀਮਾਰੀ। ਹੋਮਿਉਪੈਥਿਕ ਸਿਧਾਂਤ ਕਹਿੰਦਾ ਹੈ ਕਿ ਬੀਮਾਰੀ ਸਭ ਤੋਂ ਪਹਿਲਾਂ ਮਨ ਨੂੰ ਪ੍ਰਭਵਿਤ ਕਰਦੀ ਹੈ ਇਸ ਲਈ ਇਸ ਦੀ ਚਾਬੀ ਮਾਨਸਿਕ ਅਲਾਮਤਾਂ ਵਿਚ ਹੈ। ਇਹਨਾਂ ਦੋਹਾ ਸਚਾਈਆਂ ਨੂੰ ਜੋੜਦੇ ਹੋਏ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਜੇ ਡਰ ਨੂੰ ਕੰਟਰੋਲ ਕਰ ਲਿਆ ਜਾਵੇ ਤਾਂ ਬੀਮਾਰੀ ਨਹੀਂ ਆਵੇਗੀ। ਕਰੋਨਾ ਵਾਇਰਸ ਦੇ ਅਸਲ ਜੀਨੱਸ ਐਪੀਡੈਮੀਕਸ ਵਿਚ ਵੀ ਇਸ ਮਹਾਂਮਾਰੀ ਦੇ ਡਰ ਨੂੰ ਕੰਟਰੋਲ ਕਰਨ ਦੀ ਸਮਰੱਥਾ ਦਾ ਹੋਣਾ ਜਰੂਰੀ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਦਵਾਈ ਉਹ ਲੱਭੀ ਜਾਵੇ ਜਿਸ ਵਿਚ ਡਰ ਦਾ ਸੰਕੇਤ ਪ੍ਰਭਾਵੀ ਹੋਵੇ।

ਬੀਮਾਰੀ ਜਾਂ ਮਹਾਂਮਾਰੀ ਦੇ ਡਰ ਵਾਲੀਆਂ ਹੋਮਿਉਪੈਥੀ ਵਿਚ ਦੋ ਮੁੱਖ ਦਵਾਈਆਂ ਹਨ ਤੇ ਦੋ ਦਵਾਈਆਂ ਦੋ ਬੈਚ ਫਲਾਵਰ (Bach Flower) ਪ੍ਰਣਾਲੀ ਦੀਆਂ ਹਨ। ਬੈਚ ਫਲਾਵਰ ਦਵਾਈਆਂ ਐਪਸਨ (Aspen) ਤੇ ਮਿਮੂਲਸ (Mimulus) ਹਨ। ਐਪਸਨ ਵਿਚ ਡਰ ਹੁੰਦਾ ਹੈ ਪਰ ਇਸ ਦੇ ਸੋਮੇ ਤੇ ਦਿਸ਼ਾ ਦੀ ਜਾਣਕਾਰੀ ਨਹੀਂ ਹੁੰਦੀ। ਇਹ ਇਵੇਂ ਹੀ ਹੈ ਜਿਵੇਂ ਮਹਾਂਮਾਰੀ ਬਾਰੇ ਆਮ ਲੋਕਾਂ ਨੂੰ ਧੁੰਦਲੀ ਜਿਹੀ ਜਾਣਕਾਰੀ ਤਾਂ ਹੁੰਦੀ ਹੈ ਪਰ ਸਹੀ ਵੇਰਵਿਆਂ ਦਾ ਪਤਾ ਨਹੀਂ ਹੁੰਦਾ। ਇਸ ਦੇ ਉਲਟ ਮਿਮੂਲਸ ਵਿਚ ਡਰ ਦੇ ਕਾਰਣ ਦਾ ਨਾਂ ਤੇ ਪਤਾ ਮਾਲੂਮ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਇਕ ਤੀਜੀ ਬੈਚ ਫਲਾਵਰ ਦਵਾਈ ਵਾਲਨਟ ਹੈ ਜਿਸ ਵਿਚ ਭਾਵੇਂ ਡਰ ਨਹੀਂ ਹੈ ਪਰ ਇਹ ਮੱਨੁਖੀ ਸ਼ਰੀਰ ਨੂੰ ਅਚਨਚੇਤ ਬਲਾਵਾਂ ਨਾਲ ਜੂਝਣ ਦੀ ਤਾਕਤ ਦਿੰਦੀ ਹੈ। ਭਾਵ ਜੇ ਕੋਈ ਬੀਮਾਰੀ ਹਮਲਾ ਕਰ ਵੀ ਦੇਵੇ ਤਾਂ ਇਸ ਦੇ ਪ੍ਰਭਾਵ ਹੇਠ ਸ਼ਰੀਰ ਖੁਦ ਉਸ ਦਾ ਤੋੜ (ਵੈਕਸੀਨ) ਬਣਾ ਕੇ ਟਾਕਰਾ ਕਰ ਸਕਦਾ ਹੈ।

ਇਸ ਲਈ ਕਰੋਨਾ ਵਾਇਰਸ ਤੋਂ ਬਚਣ ਲਈ ਪਹਿਲੀ ਡਿਫੈਂਸ ਲਾਈਨ ਇਹ ਹੈ ਕਿ ਹਰ ਵਿਅਕਤੀ ਇਹਨਾਂ ਤਿੰਨ ਬੈਚ ਫਲਾਵਰ ਦਵਾਈਆਂ ਦੀਆਂ 2-2 ਬੂੰਦਾਂ ਪਾਣੀ ਵਿਚ ਪਾ ਕੇ ਹਰ ਰੋਜ਼ ਪੀਵੇ। ਸੇਵਨ ਵਿਧੀ ਇਹ ਹੈ ਕਿ ਹਰ ਰੋਜ ਸਵੇਰੇ 30 ਗਰਾਮ ਪਾਣੀ ਵਿਚ 2 ਬੂੰਦਾਂ ਐਸਪਨ ਪਾ ਕੇ ਪੀਵੇ। ਇਸੇ ਤਰ੍ਹਾਂ ਦੁਪਹਿਰ ਨੂੰ 2 ਬੂੰਦਾ ਮਿਮੂਲਸ ਦੀਆਂ ਤੇ ਸ਼ਾਮ ਨੂੰ 2 ਬੂੰਦਾਂ ਵਾਲਨਟ ਦੀਆਂ। ਜਦੋਂ ਤੀਕਰ ਇਸ ਮਹਾਮਾਰੀ ਦੀ ਹਫੜਾ-ਦਫੜੀ ਤੇ ਪ੍ਰਕੋਪ ਚਲਦੇ ਰਹਿੰਦੇ ਹਨ ਉਹ ਇਨ੍ਹਾਂ ਨੂੰ ਇਸੇ ਤਰ੍ਹਾਂ ਲੈਂਦਾ ਰਹੇ। ਇਹ ਦਵਾਈਆਂ ਨਾ ਸਿਰਫ ਉਹਨਾਂ ਨੂੰ ਇਸ ਬਲਾ ਤੋਂ ਸੁੱਰਖਿਆ ਦੇਣਗੀਆਂ ਸਗੋ ਡਰ ਅਤੇ ਚਿੰਤਾ ਅਧਾਰਿਤ ਹੋਰ ਰੋਗਾਂ ਤੋਂ ਵੀ ਮੁਕਤੀ ਦਿਵਾਉਣਗੀਆਂ। ਇਹ ਤਿੰਨੇ ਦਵਾਈਆਂ ਕਿਸੇ ਵੀ ਹੋਮਿਉਪੈਥਿਕ ਸਟੋਰ ਤੋਂ ਮਿਲ ਸਕਦੀਆਂ ਹਨ। ਜੇ ਨਾ ਮਿਲਣ ਤਾਂ ਐਮੇਜ਼ਾਨ ਤੋਂ ਮੰਗਵਾਈਆਂ ਜਾ ਸਕਦੀਆਂ ਹਨ।

ਜਿਵੇਂ ਉਪਰ ਜਿਕਰ ਕੀਤਾ ਗਿਆ ਹੈ, ਹੋਮਿਉਪੈਥੀ ਵਿਚ ਡਰ ਦੇ ਸੰਕੇਤ ਵਾਲੀਆਂ ਤਾਂ ਅਣਗਿਣਤ ਦਵਾਈਆਂ ਹਨ ਪਰ ਡਰ ਨਾਲ ਰਲੇ ਥਕਾਵਟ, ਬੁਖਾਰ, ਹੱਡ ਦਰਦ, ਬੇਚੈਨੀ ਤੇ ਸਾਹ ਨਲੀ ਦੀਆਂ ਅਲਾਮਤਾਂ ਨੂੰ ਠੀਕ ਕਰਨ ਵਾਲੀਆਂ ਦੋ ਹੀ ਮੁੱਖ ਦਵਾਈਆਂ ਹਨ। ਇਹ ਹਨ ਐਕੋਨਾਈਟ ਤੇ ਆਰਸੈਨਿਕ। ਡਾਕਟਰ ਭਾਟੀਆ ਨੇ ਇਹ ਦੋਵੇਂ ਦਵਾਈਆ ਇਸ ਲਈ ਛੱਡ ਦਿੱਤੀਆਂ ਹਨ ਕਿ ਇਹਨਾਂ ਦਾ ਪ੍ਰਫੁਲਣ ਸਮਾਂ (incubation period) ਘੱਟ ਹੈ ਭਾਵ ਇਹ ਦਵਾਈਆਂ ਦਾ ਅਸਰ ਬੀਮਾਰੀ ਦੇ ਅਸਰ ਨਾਲੋਂ ਤੇਜ ਹੈ। ਪਰ ਤਾਜਾ ਜਾਣਕਾਰੀ ਅਨੁਸਾਰ ਕਈ ਇਲਾਕਿਆਂ ਵਿਚ ਇਸ ਕੋਵਿਡ-19 ਵਿਚ ਵੀ ਤੇਜ ਗਤੀ ਦੇ ਸੰਕੇਤ ਵੀ ਪਾਏ ਗਏ ਹਨ। ਭਾਵ ਜਦੋਂ ਇਹ ਇਕ ਵਾਰ ਸ਼ੁਰੂ ਹੋ ਜਾਵੇ ਤਾਂ ਇਹ ਮਹਾਂਮਾਰੀ ਮਰੀਜ਼ ਨੂੰ ਤੁਫਾਨੀ ਅਸਰ ਨਾਲ ਢਾਉਂਦੀ ਹੈ। ਕਿਆਸ ਕੀਤਾ ਜਾ ਸਕਦਾ ਹੈ ਕਿ ਜਦੋਂ ਇਹ ਮਰੀਜ਼ ਨੂੰ ਲਗ ਜਾਵੇ ਜਾਂ ਉਸ ਦਾ ਟੈਸਟ ਪਾਜੇਟਿਵ ਆ ਜਾਵੇ ਤਾਂ ਇਹ ਨਿਸ਼ਚੇ ਹੀ ਉਸ ਦੇ ਮਨ ਵਿਚ ਮਰਨ ਦਾ ਭਿਆਨਕ ਡਰ ਪੈਦਾ ਕਰਦੀ ਹੋਵੇਗੀ। ਇਸ ਲਈ ਮੌਤ ਦੇ ਡਰ ਦੀ ਸੰਭਾਨਵਾ ਕਾਰਨ ਇਹਨਾਂ ਦੋਹਾਂ ਦਵਾਈਆਂ ਨੂੰ ਛੱਡਣਾ ਨਹੀਂ ਬਣਦਾ।

ਫਿਰ ਇਹਨਾ ਵਿਚੋਂ ਕਰੋਨਾਵਾਇਰਸ ਦਾ ਅਸਲੀ ਜੀਨੱਸ ਐਪੀਡੈਮੀਕਸ ਕਿਸ ਨੂੰ ਮੰਨਿਆ ਜਾਵੇ? ਐਕੋਨਾਈਟ ਨੈਪਲਸ ਬੀਮਾਰੀ ਦੇ ਅਰੰਭ ਦੀ ਦਵਾਈ ਹੈ ਤੇ ਆਰਸੈਨਿਕ ਇਸ ਦੇ ਅੰਤ ਦੀ। ਜੋ ਲੋਕ ਆਰਸੈਨਿਕਮ ਐਲਬਮ ਨੂੰ ਜੀਨੱਸ ਐਪੀਡੈਮੀਕਸ ਮੰਨਦੇ ਹਨ ਉਹ ਇਸ ਦੇ ਆਗਮਨ (onset) ਵਿਚ ਵਿਕਾਸ ਸਮੇਂ (incubation period) ਦੇ 15 ਦਿਨ ਵੀ ਜੋੜਦੇ ਹਨ। ਪਰ ਇਸ ਸਮੇਂ ਵਿਚ ਮਰੀਜ਼ ਵਿਚ ਬੀਮਾਰੀ ਦੀ ਕੋਈ ਅਲਾਮਤ ਪੈਦਾ ਨਹੀਂ ਹੁੰਦੀ। ਹੋਮਿਉਪੈਥੀ ਵਿਚ ਬੀਮਾਰੀ ਦਾ ਆਗਮਨ ਅਲਾਮਤਾਂ ਸ਼ੁਰੂ ਹੋਣ ਨਾਲ ਮੰਨਿਆ ਜਾਂਦਾ ਹੈ। ਰੋਕ-ਥਾਮ ਦਾ ਮੁੱਖ ਸਬੰਧ ਵੀ ਅਲਾਮਤਾਂ ਸ਼ੁਰੂ ਨਾ ਹੋਣ ਤੋਂ ਪਹਿਲਾਂ ਦੇ ਸਮੇਂ ਨਾਲ ਹੀ ਹੈ। ਕਿਉਂਕਿ ਆਰਸੈਨੀਕਮ ਐਲਬਮ ਦਾ ਆਗਮਨ ਤੁਫਾਨੀ ਨਹੀਂ ਹੈ ਇਸ ਲਈ ਇਹ ਕਰੋਨਾ ਵਾਇਰਸ ਦੀ ਸਹੀ ਜੀਨੱਸ ਐਪੀਡੈਮੀਕਸ ਦਾ ਕੰਮ ਨਹੀਂ ਕਰ ਸਕਦੀ। ਇਹ ਇਲਾਜ਼ ਦੇ ਵਿਚ ਵਿਚਾਲੇ ਜਾ ਅੰਤ ਵਿਚ ਜਦੋਂ ਮਰੀਜ਼ ਦੀ ਕਮਜ਼ੋਰੀ ਵੱਧੀ ਹੋਵੇ ਉਦੋਂ ਤਾਂ ਮਹਤੱਵਪੂਰਣ ਸਿੱਧ ਹੋ ਸਕਦੀ ਹੈ ਪਰ ਸ਼ੁਰੂ ਵਿਚ ਨਹੀਂ।

ਇਸ ਤੋਂ ਉਲਟ ਐਕੋਨਾਈਟ ਨੇਪਲਜ਼ ਤੁਫਾਨੀ ਆਗਮਨ ਵਾਲੀ ਦਵਾਈ ਹੈ। ਇਸ ਦੀ ਇਕੋ ਖੁਰਾਕ ਸਿਰ ਪਰਨੇ ਸੁੱਟਣ ਵਾਲੀਆਂ ਤਕਲੀਫਾਂ ਨੂੰ ਪਟਕ ਕੇ ਮਾਰਦੀ ਹੈ। ਸਰਦੀ ਜੁਕਾਮ, ਅਲਰਜ਼ੀ, ਵਾਲਾਂ ਦੀ ਕਟਿੰਗ ਤੋਂ ਲੱਗੀ ਠੰਡ ਆਦਿ ਹਾਲਤਾਂ ਵਿਚ ਇਸ ਨੂੰ ਰੋਗ ਦੇ ਸ਼ੁਰੂ ਵਿਚ ਹੀ ਵਰਤਿਆ ਜਾਂਦਾ ਹੈ। ਤਜ਼ਰਬਾ ਦੱਸਦਾ ਹੈ ਕਿ ਜਿੱਥੇ ਵੀ ਇਹ ਕਿਸੇ ਤੇਜ ਗਤੀ ਵਾਲੀ ਸੱਮਸਿਆ (acute problem) ਦੇ ਸ਼ੁਰੂ ਵਿਚ ਦਿੱਤੀ ਜਾਂਦੀ ਹੈ ਉੱਥੇ ਕਾਮਯਾਬੀ ਨਾਲ ਉਸ ਦੀ ਰੋਕ-ਥਾਮ ਕਰਦੀ ਹੈ। ਕਿਉਂਕਿ ਕਰੋਨਾ ਵਾਇਰਸ ਵੀ ਇਕ ਐਕਿਊਟ ਵਬਾ ਹੈ ਅਤੇ ਸਾਡਾ ਪਹਿਲਾ ਮੰਤਵ ਇਸ ਦੀ ਰੋਕਥਾਮ ਕਰਨਾ ਹੈ ਨਾ ਕਿ ਇਲਾਜ਼ ਕਰਨਾ, ਇਸ ਲਈ ਐਕੋਨਾਈਟ ਨੇਪਲਜ਼ ਹੀ ਇਸ ਦੀ ਅਸਲ ਜੀਨੱਸ ਐਪੀਡੈਮੀਕਸ ਹੈ।

ਸੋ ਸਪਸ਼ਟ ਹੋਇਆ ਕਿ ਕੋਵਿਡ-19 ਤੋਂ ਬਚਾਉ ਕਰਨ ਲਈ ਹੋਮਿਉਪੈਥੀ ਦੀ ਸਹਾਇਤਾ ਯਕੀਨਨ ਲਈ ਜਾ ਸਕਦੀ ਹੈ। ਇਸ ਕੰਮ ਲਈ ਉਪਰੋਕਤ ਤਿੰਨ ਬੈਚ ਫਲਾਵਰ ਦਵਾਈਆਂ ਐਸਪਨ (Aspen), ਮਿਮੂਲਸ (Mimulus) ਤੇ ਵਾਲਨਟ (Walnut) ਦੇ ਰੋਜ਼ਾਨਾ ਸੇਵਨ ਕਰਨ ਦੇ ਨਾਲ ਨਾਲ ਅਕੋਨਾਈਟ ਨੇਪਲਜ਼ (Aconite Napellus) 30 ਜਾਂ 200 ਪੋਟੈਂਸੀ ਦੀਆਂ ਹਫਤਾਵਾਰੀ ਖੁਰਾਕਾਂ ਵੀ ਲੈਣੀਆਂ ਬਣਦੀਆਂ ਹਨ।

ਇਹ ਸਭ ਦਵਾਈਆਂ ਆਪਸ ਵਿਚ ਪੂਰਾ ਤਾਲਮੇਲ ਰੱਖਦੀਆਂ ਹਨ ਇਸ ਲਈ ਇਕ ਦੂਜੇ ਦੇ ਨਾਲ ਨਾਲ ਪਰ ਅੱਗੇ ਪਿੱਛੇ ਕਰ ਕੇ ਲਈਆਂ ਜਾ ਸਕਦੀਆਂ ਹਨ।

ਪਰ ਅਜਿਹਾ ਕਰਨ ਤੋਂ ਪਹਿਲਾਂ ਇਕ ਗੱਲ ਜਰੂਰ ਧਿਆਨ ਵਿਚ ਰੱਖੀ ਜਾਵੇ ਕਿ ਇਸ ਲੇਖ ਦਾ ਮੰਤਵ ਸਿੱਖਿਆ ਤੇ ਜਾਣਕਾਰੀ ਦੇਣਾ ਹੈ ਨਾ ਕਿ ਕਿਸੇ ਬਿਮਾਰੀ ਦੇ ਇਲਾਜ਼ ਲਈ ਕਿਸੇ ਦਵਾਈ ਦੀ ਸਿਫਾਰਿਸ਼ ਕਰਨਾ। ਇਸ ਲਈ ਇਹਨਾਂ ਦਵਾਈਆਂ ਨੂੰ ਲੈਣ ਤੋਂ ਪਹਿਲਾਂ ਕਿਸੇ ਸਿਆਣੇ ਹੋਮਿਉਪੈਥ ਕੋਲੋਂ ਸਲਾਹ ਜਰੂਰ ਲੈ ਲੈਣੀ ਚਾਹੀਦੀ ਹੈ। ਹਰ ਹਾਲਤ ਵਿਚ ਆਪਣੇ ਇਲਾਕੇ ਦੇ ਸਰਕਾਰੀ, ਹਸਪਤਾਲੀ ਤੇ ਕੌਮਿਉਨਿਟੀ ਨਿਰਦੇਸ਼ਾਂ ਦੀ ਪਾਲਣਾ ਅੱਵਸ਼ ਤੇ ਪਰਮ-ਅਗੇਤ ਨਾਲ ਕੀਤੀ ਜਾਵੇ।

(The Author is a classical homeopath (SB-577) in Calizornia, United Ètates[ He has over zizty years` experience oz homeopathic practice[)

## ਕੋਈ ਕਹਿੰਦਾ ਅਸੀਂ ਤੇ ਅਪਣੇ

ਕੋਈ ਕਹਿੰਦਾ ਅਸੀਂ ਤੇ ਅਪਣੇ
ਕੋਈ ਕਹਿੰਦਾ ਮੇਰਾ ਤੇ ਮੈਂ
ਕਿਸੇ ਦੇ ਮਨ ਵਿਚ ਆਪਣਾਪਣ ਹੈ
ਤੇ ਕਿਸੇ ਮਨ ਵਿਚ ਮੈਂ ਹੀ ਮੈਂ
ਕੋਈ ਦੁੱਖਾਂ ਸੁੱਖਾਂ ਦਾ ਸਾਂਝੀ
ਤੇ ਕੋਈ ਕਹਿੰਦਾ ਕੀ ਲੈਣਾ ਮੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ।

ਕੋਈ ਕਹਿੰਦਾ ਮੈਂ ਆਪਣੇ ਲਈ ਜੀਣਾ
ਆਪਣਾ ਖਾਣਾ, ਆਪਣਾ ਪੀਣਾ
ਕੋਈ ਕਿਸੇ ਲਈ ਵੀ ਜੀਣਾ ਜਾਣੇ
ਇਨਸਾਨੀਅਤ ਦਾ ਫਰਜ਼ ਪਛਾਣੇ
ਜੇ ਕਿਸੇ ਦੇ ਕੰਮ ਨਾ ਆਇਆ
ਫੇ ਦੱਸ ਸੱਜਣਾ ਕੀ ਖੱਟਿਆ ਤੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ।

ਕੋਈ ਕਹਿੰਦਾ ਮੈਂ ਕੱਲਾ ਰਹਿਣਾ
ਮੈਂ ਕਿਸੇ ਤੋਂ ਕੁਝ ਨਹੀਂ ਲੈਣਾ
ਕੋਈ ਕਹਿੰਦਾ ਮੈਨੂੰ ਲੋੜ ਐ ਸਭ ਦੀ
ਮੈਂ ਤਾਂ ਸਭ ਨਾਲ ਰਲ ਕੇ ਰਹਿਣਾ
ਕੋਈ ਕਹਿੰਦਾ ਮੈਂ ਵੱਡਿਆਂ ਤੋਂ ਸਿੱਖਣਾ
ਕੋਈ ਕਹੇ ਬੜਾ ਹੁਸ਼ਿਆਰ ਆਂ ਮੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ।

ਕੋਈ ਪਿਆਰ ਦੇ ਨਾਲ ਬੁਲਾਵੇ
ਬੇਗਾਨਿਆਂ ਨੂੰ ਵੀ ਆਪਣਾ ਬਣਾਵੇ
ਕੋਈ ਆਕੜ ਗੁਮਾਨ 'ਚ ਆ ਕੇ
ਆਪਣਿਆਂ ਤੋਂ ਦੂਰ ਹੋ ਜਾਵੇ
ਕੋਈ ਸਤਿਕਾਰ ਨਾਲ ਜੀ ਜੀ ਕਹਿੰਦਾ
ਤੇ ਕਰੇ ਬੱਸ ਤੂੰ ਤੂੰ ਮੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ।

ਜਦ ਕਦੇ ਕਿਤੇ ਵਕਤ ਪੈ ਜਾਵੇ
ਕੋਈ ਮੋਢੇ ਨਾਲ ਮੋਢਾ ਲਾਵੇ
ਜਿਸ ਉਤੇ ਹੁੰਦੀਆਂ ਆਸਾਂ ਰੱਖੀਆਂ
ਕਈ ਵਾਰੀ ਉਹ ਪਿੱਠ ਦਿਖਾਵੇ
ਜ਼ਿੰਦਗੀ ਛੋਟੀ ਪਿਆਰ ਨਾਲ ਕੱਢ ਲੈ
ਦੱਸ ਇੱਥੋਂ ਕੀ ਲੈ ਜਾਣਾ ਤੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ।

ਆਪਣੇ ਲਈ ਤਾਂ ਹਰ ਕੋਈ ਜਿਉਂਦਾ
ਕਿਸੇ ਲਈ ਵੀ ਆਪਾ ਜੀਅ ਜਾਈਏ
ਆਪਣੇ ਹਾਸੇ ਕਿਸੇ ਨੂੰ ਦੇ ਕੇ
ਗਮ ਕਿਸੇ ਦੇ ਆਪ ਪੀਅ ਜਾਈਏ
ਗਲੀ ਦੇ ਕੱਖਾਂ ਦੀ ਵੀ ਕਹਿੰਦੇ ਲੋੜ ਪੈ ਜਾਂਦੀ
'ਧਾਮੀ' ਸਮਝ ਲੈ ਗੱਲ ਤੇ ਛੱਡ ਦੇ ਮੈਂ
ਕੋਈ ਕਹਿੰਦਾ ਅਸੀਂ ਤੇ ਆਪਣੇ
ਕੋਈ ਕਹਿੰਦਾ ਮੇਰਾ ਤੇ ਮੈਂ
ਕਿਸੇ ਦੇ ਮਨ ਵਿਚ ਆਪਣਾਪਣ ਹੈ
ਤੇ ਕਿਸੇ ਦੇ ਮਨ ਵਿਚ ਮੈਂ ਹੀ ਮੈਂ
ਕੋਈ ਦੁੱਖਾਂ ਸੁੱਖਾਂ ਦਾ ਸਾਂਝੀ
ਤੇ ਕੋਈ ਕਹਿੰਦਾ ਕੀ ਲੈਣਾ ਮੈਂ
ਕੋਈ ਕਹਿੰਦਾ ਅਸੀਂ ਤੇ ਆਪਣੇ।



ਜੋਗਿੰਦਰ ਧਾਮੀ
'ਪਿੱਪਲਾਂਵਾਲੀਆ'

# ਦਿੱਲੀ ਹਿੰਸਾ ਨੇ 1984 ਦਾ ਸਿੱਖ ਕਤਲੇਆਮ ਕਰਾਇਆ ਯਾਦ



ਦਰਸ਼ਨ ਸਿੰਘ ਸ਼ੰਕਰ
91-99158-36543

ਭਾਰਤ ਦੀ ਰਾਜਧਾਨੀ ਦਿੱਲੀ 'ਚ 24 ਤੋਂ 26 ਫਰਵਰੀ ਨੂੰ ਹੋਈ ਫਿਰਕੂ ਹਿੰਸਾਂ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿਤੈ। ਇਸ ਦੌਰਾਨ ਦਰਜਨਾਂ ਇਲਾਕਿਆਂ ਵਿਚ ਕਤਲ, ਅੱਗਾਂ, ਮਾਰਧਾੜ ਦਾ ਮੰਜ਼ਰ ਦੇਖਣ ਨੂੰ ਮਿਲਿਆ। ਬੇਰਹਿਮੀ ਨਾਲ ਗਲੀ ਮੁਹੱਲਿਆਂ 'ਚ ਹੋਏ ਗੁੰਡਾ ਗਰਦੀ ਦੇ ਨੰਗੇ ਨਾਚ ਨੇ ਸਭਿਅਕ ਸਮਾਜ ਹੋਣ ਤੇ ਸੁਆਲੀਆ ਨਿਸ਼ਾਨ ਲਗਾ ਦਿਤੈ। ਖੂਨ ਦੀ ਖੁੱਲ ਕੇ ਖੇਡੀ ਗਈ ਹੋਲੀ ਦੌਰਾਨ ਦਿੱਲੀ ਪੁਲਿਸ ਕਿਧਰੇ ਵੀ ਦਿਖਾਈ ਨਹੀਂ ਦਿੱਤੀ।

ਸ਼ਾਹੀਨ ਬਾਗ ਵਿਚ ਸੀ ਏ ਏ ਖਿਲਾਫ ਸ਼ਾਤਮਈ ਪ੍ਰਦਰਸ਼ਨ ਤੋਂ ਡਰੇ ਸਾਸ਼ਕਾਂ ਵਲੋਂ ਵਿਧਾਨ ਸਭਾ ਚੋਣਾਂ ਦੌਰਾਨ ਫੈਲਾਈ ਨਫਰਤ ਤੋਂ ਕਿਸੇ ਭਿਆਨਕ ਅਣਹੋਣੀ ਦੇ ਸੰਕੇਤ ਤਾਂ ਮਿਲ ਹੀ ਰਹੇ ਸਨ। ਵਿਰੋਧੀਆਂ ਨੂੰ ਗੱਦਾਰ ਦੱਸਦੇ ਗੋਲੀ ਮਾਰਨ ਅਤੇ ਬਲਾਤਕਾਰ ਕਰਨ ਦੀਆਂ ਧਮਕੀਆਂ ਨੇਤਾ ਸ਼ਰੇਆਮ ਦਿੰਦੇ ਰਹੇ। ਬੀਜੇਪੀ ਵਲੋਂ ਚੋਣਾਂ ਵਿਚ ਨਰੇਂਦਰ ਮੋਦੀ, ਅਮਿਤ ਸ਼ਾਹ, ਕਈ ਮੁੱਖ ਮੰਤਰੀ ਅਤੇ ਹੋਰ ਨੇਤਾਵਾਂ ਵਲੋਂ ਸ਼ਾਹੀਨ ਬਾਗ ਨੂੰ ਹੀ ਮੁੱਖ ਚੋਣ ਮੁੱਦਾ ਬਣਾਇਆ ਗਿਆ। ਸ਼ਰਮਨਾਕ ਹਾਰ ਤੋਂ ਬੀਜੇਪੀ ਦੇ ਬੌਖਲਾਏ ਆਗੂ ਜ਼ਹਿਰ ਘੋਲ ਰਹੇ ਸਨ। ਕਪਿਲ ਮਿਸ਼ਰਾ ਸ਼ਰੇਅਮ ਅੱਗ ਉਗਲਦੇ ਹੋਏ ਕਨੂੰਨ ਹੱਥ ਵਿਚ ਲੈਣ ਦੀਆਂ ਧਮਕੀਆਂ ਪੁਲਿਸ ਦੀ ਮੌਜੂਦਗੀ ਵਿਚ ਦਿੰਦੇ ਰਹੇ। ਸਰਕਾਰ ਨੇ ਚੁੱਪ ਸਾਧੀ ਰੱਖੀ। ਆਖਿਰ 24 ਫਰਵਰੀ ਨੂੰ ਉਹੀ ਹੋਇਆ ਜਿਸ ਦਾ ਡਰ ਸੀ। ਹਿੰਸਾ ਦੌਰਾਨ ਪੁਲਿਸ ਕਿਧਰੇ ਦਿਖਾਈ ਨਹੀਂ ਦਿੱਤੀ। ਅਟੱਲ ਬਿਹਾਰੀ ਵਾਜਪਾਈ ਨੇ 2002 'ਚ ਗੁਜਰਾਤ ਦੰਗਿਆਂ ਸਮੇਂ 'ਰਾਜ ਧਰਮ' ਦੀ ਪਾਲਣਾ ਦੀ ਨਸੀਅਤ ਦਿੱਤੀ ਸੀ, ਪਰ ਹੁਣ ਤਾਂ ਅਡਵਾਨੀ ਵਰਗੇ ਬਜ਼ੁਰਗ ਜਬਾਨ ਖੋਲਣ ਤੋਂ ਵੀ ਲਾਚਾਰ ਦਿੱਸੇ। ਕੌਣ ਕਹੇ 'ਰਾਣੀ ਅੱਗਾ ਢੱਕ' !

**1984 ਸਿੱਖ ਕਤਲੇਆਮ ਯਾਦ ਹੋਈ ਤਾਜ਼ਾ:**

24 ਫਰਵਰੀ ਨੂੰ ਇਕ ਫਿਰਕੇ ਦੀ ਵੱਧ ਵਸੋਂ ਵਾਲੇ ਦਰਜਨਾਂ ਖੇਤਰਾਂ 'ਚ ਹਿੰਸਾ ਦਾ ਤਾਂਡਵ ਮਚਾ ਕੇ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਦਰਜਨਾਂ ਮੁਹੱਲਿਆਂ ਵਿਚ ਹੱਥਿਆਰਾਂ ਨਾਲ ਲੈਸ ਦੰਗਈਆਂ ਵਲੋਂ ਹਮਲੇ ਹੋਏ। ਇਨ੍ਹਾਂ ਇਲਾਕਿਆਂ ਵਿਚ ਸੀਲਮਪੁਰ, ਜਾਫਰਵਾਲ, ਮੌਜਪੁਰ, ਕਰਦੱਮਪੁਰੀ, ਬਾਬਰਪੁਰ, ਗੋਕੁਲਪੁਰੀ, ਭਗਵਾਨ ਪੁਰ, ਸ਼ਿਵਪੁਰੀ ਆਦਿ ਸ਼ਾਮਿਲ ਨੇ। ਮੁਗਲ ਧਾੜਵੀ ਬਾਬਰ ਵਲੋਂ ਅਜੇਹਾ ਜੁਲਮ ਦੇਖ ਕੇ ਹੀ ਤਾਂ 'ਨਾਨਕ ਪਾਤਸ਼ਾਹ' ਨੇ ਐਮਨਾਬਾਦ ਵਿਚ ਉਚਾਰਿਆ ਸੀ "ਐਤੀ ਮਾਰ ਪਈ ਕੁਲਾਣੈ, ਤੈਂ ਕੀ ਦਰਦ ਨਾ ਆਇਆ?

ਕਾਤਲ ਸ਼ਰੇਆਮ ਗੋਲੀਆਂ ਚਲਾਉਂਦੇ, ਮਾਰਕੁੱਟ ਕਰਦੇ, ਅੱਗਾਂ ਲਗਾਉਂਦੇ ਸੜਕਾਂ ਤੇ ਕੋਹਰਾਮ ਮਚਾਉਂਦੇ ਰਹੇ। ਹਿੰਸਾ ਦੌਰਾਨ 48 ਨਿਰਦੋਸ਼ ਮਾਰੇ ਗਏ, 300 ਦੇ ਕਰੀਬ ਜ਼ਖ਼ਮੀ ਹੋਏ, 327 ਦੁਕਾਨਾਂ, 168 ਘਰ ਸਾੜੇ ਗਏ। ਬੀ ਐਸ ਐਫ ਦੇ ਹਵਾਲਦਾਰ ਰਤਨ ਲਾਲ ਅਤੇ ਆਈ ਬੀ ਅਧਿਕਾਰੀ ਅੰਕੁਰ ਸ਼ਰਮਾ ਵੀ ਮਾਰੇ ਗਏ। 50 ਦੇ ਕਰੀਬ ਗੋਲੀਆਂ ਲਗਣ ਨਾਲ ਮਰੇ। ਅਰਬਾਂ ਰੁਪਏ ਦਾ ਮਾਲੀ ਨੁਕਸਨ ਹੋਇਆ ਅਤੇ ਸੈਂਕੜੇ ਪਰਵਾਰਾਂ ਦੇ ਧੰਦੇ ਪਲਾਂ ਵਿਚ ਹਿੰਸਾ ਦੀ ਭੇਂਟ ਚੜ੍ਹ ਗਏ। ਹਜਾਰਾਂ ਪਰਵਾਰ ਰਾਹਤ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋ ਗਏ। ਦੋ ਸਕੂਲ ਅਤੇ ਅਨੇਕਾਂ ਵਾਹਨ ਵੀ ਸਾੜੇ ਗਏ। ਬਲਦੇ ਘਰਾਂ ਵਿਚੋਂ ਔਰਤਾਂ ਨੂੰ ਬੱਚਿਆਂ ਦੀ ਜਾਨ ਬਚਾਉਣ ਲਈ ਛੱਤਾਂ ਤੋਂ ਨੀਚੇ ਸੁੱਟਣ ਲਈ ਮਜਬੂਰ ਹੋਣਾ ਪਿਆ।ਵੱਡੀ ਪੱਧਰ ਤੇ ਧੂੰਏ ਦੇ ਗੁਬਾਰ ਅਤੇ ਬੱਚਿਆਂ ਅਤੇ ਔਰਤਾਂ ਦੀਆਂ ਚੀਕਾਂ ਵੀ ਦਰਿੰਦਿਆਂ ਦੇ ਦਿਲਾਂ ਨੂੰ ਪਸੀਜ਼ ਨਹੀਂ ਸਕੀਆਂ। ਇਹ ਬਿਨ੍ਹਾਂ ਰੋਕ ਟੋਕ ਮਾਰਧਾੜ ਕਰਦੇ ਅੱਗੇ ਵੱਧਦੇ ਗਏ।

**ਪੂਰਬ ਨਿਯੋਜ਼ਕ ਹਿੰਸਾ:**

23 ਫਰਵਰੀ ਨੂੰ ਬੀਜੇਪੀ ਦੇ ਆਗੂ ਕਪਿਲ ਮਿਸ਼ਰਾ ਪੁਲਿਸ ਸਾਹਮਣੇ ਔਰਤਾਂ ਦੇ ਸ਼ਾਹੀਨ ਬਾਗ ਧਰਨੇ ਨੂੰ ਖੁੱਦ ਹਟਾਉਣ ਦੀਆਂ ਧਮਕੀਆਂ ਦਿੰਦੇ ਰਹੇ। ਉਸ ਵਿਰੁੱਧ ਕਨੂੰਨੀ ਕਾਰਵਾਈ ਨਾ ਕਰਨਾ ਪੁਲਿਸ ਦੀ ਨੀਯਤ ਤੇ ਪ੍ਰਸ਼ਨ ਚਿੰਨ ਲਗਦੈ। 24 ਫਰਵਰੀ ਨੂੰ ਬੇਤਹਾਸ਼ਾ ਹਿੰਸਾ ਹੋਈ, ਕਿਸੇ ਨੂੰ ਬੱਚ ਕੇ ਨਿਕਲਣ ਦਾ ਸਮਾਂ ਹੀ ਨਹੀਂ ਮਿਲਿਆ।



ਬਹੁਤ ਵੱਡੇ ਇਲਾਕੇ ਵਿਚ ਦੁਕਾਨਾਂ, ਘਰਾਂ ਅਤੇ ਗੱਡੀਆਂ ਨੂੰ ਅੱਗਾ ਲਗਾਕੇ ਨਸ਼ਟ ਕਰ ਦਿਤਾ ਗਿਆ। ਸਿਲਸਿਲਾ ਦੂਜੇ ਦਿਨ 25 ਫਰਵਰੀ ਨੂੰ ਰਾਤ ਤਕ ਵੀ ਬੇ ਰੋਕ ਟੋਕ ਜਾਰੀ ਰਿਹਾ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਾਂਤੀ ਦੀ ਅਪੀਲ ਦੇ ਨਾਲ ਸਭ ਪਾਰਟੀਆਂ ਦੇ ਵਧਾਇਕਾਂ ਦੀ ਮੀਟਿੰਗ ਕਰਕੇ ਸਥਿਤੀ ਨੂੰ ਸ਼ਾਂਤ ਕਰਨ ਲਈ ਕਿਹਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਮੀਟਿੰਗ ਕਰਕੇ ਮਹੌਲ ਨੂੰ ਸ਼ਾਂਤ ਕਰਾਉਣ ਦਾ ਯਕੀਨ ਦਵਾਇਆ। 26 ਫਰਵਰੀ ਸ਼ਾਮ ਨੂੰ ਪੁਲਿਸ ਨੇ ਮਾਰਚ ਕੱਢਿਆ, ਜਿਸ ਨਾਲ ਹਿੰਸਾ ਨੂੰ ਠੱਲ ਪਈ। ਬੀਜੇਪੀ ਸਾਂਸਦ ਗੌਤਮ ਗੰਭੀਰ ਨੇ ਤੁਰੰਤ ਕਪਿਲ ਮਿਸ਼ਰਾ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ। ਉਤਰੀ-ਪੂਰਬੀ ਦਿੱਲੀ ਵਿਚ ਧਾਰਾ 144 ਲਗਾਉਣ ਦੇ ਬਾਵਜੂਦ ਹਿੰਸਾ ਜਾਰੀ ਰਹੀ ਅਤੇ ਹਸਪਤਾਲਾਂ ਵਿਚ ਜ਼ਖਮੀਆਂ ਦੀ ਆਮਦ ਵਧਦੀ ਗਈ। 25 ਫਰਵਰੀ ਰਾਤ ਨੂੰ ਅਸ਼ੋਕ ਨਗਰ ਵਿਖੇ ਮਸਜਿਦ ਦੀ ਭੰਨ ਤੋੜ ਹੋਈ ਅਤੇ ਇਸ ਦੇ ਗੁੰਬਦ ਲਾਗੇ ਭਗਵਾਂ ਝੰਡਾ ਟੰਗ ਦਿਤਾ। ਇਸ ਸਾਰੇ ਸਮੇਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਪੀੜਤਾਂ ਨੂੰ ਦਿਲਾਸਾ ਦੇਣ ਦਾ ਕੋਈ ਉਪਰਾਲਾ ਨਾਂ ਕਰਨਾ ਵੀ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰ ਗਿਆ। ਤੀਸਰੇ ਦਿਨ ਸੁਰੱਖਿਆ ਸਲਾਹਕਾਰ ਅਜੀਤ ਡਬੋਲ ਨੇ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਕੇ ਟੀਵੀ ਚੈਨਲਾਂ ਰਾਹੀਂ ਸਰਕਾਰ ਦੀ ਹਾਜਰੀ ਤਾਂ ਲਵਾਈ ਅਤੇ ਕੋਈ ਠੋਸ ਕਦਮ ਦੀ ਬਜਾਏ ' ਜੋ ਹੂਆ ਸੋ ਹੂਆ' ਕਹਿ ਕੇ ਤੁਰਦੇ ਬਣੇ। ਕੇਜਰੀਵਾਲ ਨੇ ਸਿਸੋਧੀਆ ਨਾਲ ਪ੍ਰਭਾਵਤ ਇਲਾਕਿਆਂ ਵਿਚ ਜਾ ਕੇ ਹਰ ਤਰ੍ਹਾਂ ਦੀ ਸਹਾਇਤਾ ਦਾ ਯਕੀਨ ਦਵਾਇਆ। ਮਾਰੇ ਗਏ ਹਵਾਲਦਾਰ ਰਾਮ ਰਤਨ ਅਤੇ ਆਈ ਬੀ ਅਧਿਕਾਰੀ ਅੰਕਿਤ ਸ਼ਰਮਾ ਦੇ ਪ੍ਰੀਵਾਰ ਨੂੰ 1-1 ਕਰੋੜ ਅਤੇ ਦੂਜੇ ਮਾਰੇ ਗਏ ਵਿਅੱਕਤੀਆਂ ਦੇ ਪਰਵਾਰਾਂ ਨੂੰ 10-10 ਲੱਖ ਰੁੱਪਏ ਦੇ ਮੁਆਵਜੇ ਦਾ ਐਲਾਨ ਕੀਤਾ। ਕੇਜਰੀਵਾਲ ਨੇ ਗ੍ਰਹਿ ਮੰਤਰੀ ਨੂੰ ਫੌਜ ਤਾਇਨਾਤ ਕਰਨ ਦੀ ਅਪੀਲ ਵੀ ਕੀਤੀ।

ਸੁਪਰੀਮ ਕੋਰਟ ਨੇ ਸ਼ਾਹੀਨ ਬਾਗ ਧਰਨੇ ਮਾਮਲੇ ਤੇ ਫੈਸਲਾ 23 ਮਾਰਚ ਤਕ ਟਾਲ ਦਿਤਾ। ਹਿੰਸਾ ਦੇ ਮਾਮਲੇ ਦੀ ਸੁਣਵਾਈ ਕਰਦੇ ਦਿੱਲੀ ਹਾਈ ਕੋਰਟ ਦੇ ਮਾਨਯੋਗ ਜੱਜ ਡਾ. ਐਸ ਮੁਰਲੀਧਰ ਨੇ ਦਿੱਲੀ ਪੁਲਿਸ ਨੂੰ ਫਿਟਕਾਰ ਪਾਉਂਦੇ ਭੜਕਾਉ ਭਾਸ਼ਣਾਂ ਵਾਲੇ ਬੀਜੇਪੀ ਦੇ 4 ਨੇਤਾਵਾਂ ਖਿਲਾਫ ਤੁਰੰਤ ਕੇਸ ਦਰਜ ਕਰਨ ਦੀ ਹਦਾਇਤ ਕੀਤੀ, ਪ੍ਰੰਤੂ ਰਾਤ ਨੂੰ ਹੀ ਜੱਜ ਮੁਰਲੀਧਰਨ ਦਾ ਤਬਾਦਲਾ ਚੰਡੀਗੜ੍ਹ 'ਚ ਕਰ ਦਿਤਾ ਗਿਆ। ਤੀਜੇ ਦਿਨ ਵੀ ਹਸਪਤਾਲਾਂ ਵਿਚ ਲੋਕ ਗੁਆਚਿਆਂ ਦੀ ਭਾਲ ਵਿਚ ਭਟਕਦੇ ਦਿੱਸੇ।



**ਰਾਜਨੀਤੀ ਦਾ ਦੌਰ:**

ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਬੀਜੇਪੀ ਨੇਤਾਵਾਂ ਦੇ ਉਤੇਜਿਤ ਬਿਆਨਾਂ ਨੂੰ ਹਿੰਸਾ ਦਾ ਕਾਰਨ ਦੱਸਿਆ ਅਤੇ 3 ਦਿਨ ਯੋਜ਼ਨਾਬੱਧ ਢੰਗ ਨਾਲ ਹਿੰਸਾ ਲਈ ਸਰਕਾਰ ਤੇ ਮਿਲੀ ਭੁਗਤ ਦੇ ਦੋਸ਼ ਲਗਾਏ। ਸਿੱਧੇ ਤੌਰ ਤੇ ਗ੍ਰਹਿ ਮੰਤਰੀ ਨੂੰ ਜਿੰਮੇਵਾਰ ਦੱਸਦੇ ਅਸਤੀਫੇ ਦੀ ਮੰਗ ਕੀਤੀ।

ਸਹਿਯੋਗੀ ਪਾਰਟੀਆਂ ਐਲ ਜੇ ਪੀ, ਜੇ ਡੀ ਯੂ, ਅਕਾਲੀ ਦਲ ਨੇ ਵੀ ਹਿੰਸਾ ਭੜਕਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਪੁਆੜੇ ਦੀ ਜੜ ਕਪਿਲ ਮਿਸ਼ਰਾ ਵਿਰੁੱਧ ਕਾਰਵਾਈ ਦੀ ਮੰਗ ਨੂੰ ਅਣਗੋਲਿਆ ਕਰਕੇ ਉਸ ਨੂੰ 27 ਫਰਵਰੀ ਨੂੰ ਰੈਲੀ ਕੱਢਣ ਦਿੱਤੀ ਗਈ, ਜਿਸ ਵਿਚ ਫਿਰ ਗੋਲੀ ਮਾਰਨ ਵਰਗੇ ਨਾਹਰੇ ਲਗੇ। ਇਸ ਤੋਂ ਕੇਂਦਰ ਸਰਕਾਰ ਦੀ ਮਨਸ਼ਾ ਤੇ ਸਵਾਲ ਉਠਣੇ ਸੁਭਾਵਕ ਨੇ। ਉਧਰ ਹੀ ਅਮਿਤ ਸ਼ਾਹ ਨੇ ਉੜੀਸਾ ਅਤੇ ਬੰਗਾਲ ਵਿਚ ਸੀ ਏ ਏ ਦੇ ਹੱਕ ਵਿਚ ਰੈਲੀਆਂ ਦੌਰਾਨ ਵਿਰੋਧੀਆਂ ਉਪਰ ਲੋਕਾਂ ਨੂੰ ਭੜਕਾਉਣ ਦੇ ਦੋਸ਼ ਲਗਾਏ ਅਤੇ ਸੀ ਏ ਏ ਨੂੰ ਵਾਪਸ ਨਾ ਲੈਣ ਦਾ ਰਾਗ ਅਲਾਪਿਆ। ਬੇਸ਼ਕ ਦਰਜਨ ਤੋਂ ਵੱਧ ਸੂਬਾ ਸਰਕਾਰਾਂ ਸੀਏਏ ਵਿਰੁੱਧ ਮਤੇ ਪਾਸ ਕਰ ਚੁੱਕੀਆਂ ਨੇ। ਸੀਏਏ ਤੇ ਅੜੇ ਰਹਿਣ ਤੋਂ ਸਾਫ ਹੈ ਕਿ ਹਿੰਸਾ ਕਰਨ ਵਾਲੇ ਤਾਂ ਸਰਕਾਰ ਲਈ ਦੋਸ਼ੀ ਨਹੀਂ। ਫਿਰ ਵਿਸੇਸ਼ ਜਾਂਚ ਟੀਮਾਂ ਬਣਾ ਕੇ ਦੋਸ਼ੀਆਂ ਸਜ਼ਾਵਾਂ ਕਿੰਝ ਹੋਣਗੀਆਂ। ਸ਼ੰਕਾ ਹੈ ਕਿ ਜਾਂਚ ਵਿਚ ਪੀੜਤ ਲੋਕਾਂ ਨੂੰ ਹੀ ਉਲਝਾ ਕੇ ਪ੍ਰੇਸ਼ਾਨ ਅਤੇ ਦੰਡਿਤ ਕੀਤਾ ਜਾਵੇ।

**ਟਰੰਪ ਦਾ ਰੋਲ:**

ਪੂਰੀ ਦੁਨੀਆਂ ਵਿਚ ਲੋਕਤੰਤਰ, ਧਰਮ ਨਿਰਪੱਖਤਾ ਅਤੇ ਮਨੁੱਖੀ ਹੱਕਾਂ ਰਾਖੇ ਦੱਸਣ ਵਾਲੇ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਟਰੰਪ ਦੇ 2 ਦਿਨਾਂ ਦੌਰੇ ਦੌਰਾਨ ਹੀ ਦਿੱਲੀ ਅੰਦਰ ਹਿੰਸਾ ਭੜਕੀ। ਟਰੰਪ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸ ਕੇ ਪੱਲਾ ਝਾੜ ਲਿਆ। ਹਥਿਆਰ ਵੇਚ ਅਤੇ ਭਾਰਤੀ ਐਨਆਰਆਈ ਵੋਟਰਾਂ ਨੂੰ ਭਰਮਾਉਣ ਲਈ ਦੋਸਤੀ ਦਾ ਢੰ-ਡੋਰਾ ਪਿੱਟ ਕੇ ਤੁਰ ਗਿਆ। ਅਮਰੀਕਾ ਵਿਚ ਟਰੰਪ ਦੀ ਹਰਕਤ ਦਾ ਭਾਰੀ ਵਿਰੋਧ ਹੋਇਆ ।


**ਮਹੌਲ ਸ਼ਾਂਤ ਕਰਨ ਦੀ ਲੋੜ:**

ਫੈਲਾਈ ਗਈ ਨਫਰਤ ਅਤੇ ਹਿੰਸਾ ਨਾਲ ਦਿੱਲੀ ਪੂਰੀ ਤਰ੍ਹਾਂ ਦਹਿਲ ਚੁੱਕੀ ਹੈ ਅਤੇ ਲੋਕਾਂ 'ਚ ਡਰ ਅਤੇ ਖੌਫ ਦਾ ਮਹੌਲ ਬਣਿਆ ਹੋਇਐ। ਦੇਸ਼ ਦੀ ਫਿਰਕੂ ਦੰਗਿਆਂ ਕਾਰਨ ਸਮੁੱਚੇ ਵਿਸ਼ਵ ਵਿਚ ਕਿਰਕਿਰੀ ਹੋਈ ਹੈ। ਹਿੰਸਾ ਦੇ ਬਾਵਜੂਦ ਵੱਖ ਵੱਖ ਧਰਮਾਂ ਦੇ ਸਥਾਨਕ ਲੋਕਾਂ ਨੇ ਹਿੰਸਕ ਗੁੰਡਿਆਂ ਦਾ ਮਿਲ ਕੇ ਮੁਕਾਬਲਾ ਕਰਕੇ ਆਪਸੀ ਭਾਈਚਾਰੇ ਨੂੰ ਆਂਚ ਨਹੀਂ ਆਉਣ ਦਿੱਤੀ। ਹੁਣ ਸਭ ਤੋਂ ਵੱਡੀ ਜਰੂਰਤ ਰਾਜਨੀਤੀ ਨੂੰ ਲਾਂਭੇ ਰੱਖ ਕੇ ਪੀੜਤ ਪਰਵਾਰਾਂ ਦੇ ਅੱਲ੍ਹੇ ਜ਼ਖਮਾਂ ਤੇ ਵਿਸਵਾਸ਼ ਦੀ ਮਲੱਹਮ ਲਗੇ। ਦਿੱਲੀ ਸਰਕਾਰ ਪੀੜਤਾਂ ਦੇ ਮਾਲੀ ਨੁੱਕਸਾਨ ਦੀ ਭਰਪਾਈ ਕਰਕੇ ਮੁੱੜ ਵਸੇਬੇ ਦੀ ਜਿੰਮੇਵਾਰੀ ਚੁੱਕੇ ਅਤੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖੀ ਜਾਏ। ਸ਼ਾਹੀਨ ਬਾਗ ਅੰਦੋਲਨਕਾਰੀ ਸਥਿਤੀ ਦੇ ਮੱਦੇਨਜ਼ਰ ਅੰਦੋਲਨ ਸਥਾਗਤ ਕਰਨ। ਕੇਂਦਰੀ ਸਰਕਾਰ ਸਭ ਧਰਮਾਂ ਦੇ ਲੋਕਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰੇ। ਇਸ ਲਈ ਜਰੂਰੀ ਹੈ ਕਿ ਸਮੱਸਿਆ ਦੀ ਜੜ੍ਹ ਨਾਗਰਿਕ ਸੋਧ ਕਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਦੀ ਰੱਟ ਫਿਲਹਾਲ ਬੰਦ ਹੋਵੇ। ਇਸ ਖਿਲਾਫ ਦੇਸ਼ ਵਿਆਪੀ ਵਿਰੋਧ ਨੂੰ ਨਜ਼ਰ ਅੰਦਾਜ਼ ਨਾਂ ਕੀਤਾ ਜਾਏ ਅਤੇ ਜਨਤਾ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਵੇ, ਤਾਂ ਕਿ ਸਮਾਜ ਅੰਦਰ ਫੈਲੀ ਨਫਰਤ ਅਤੇ ਸਹਿਮ ਦਾ ਮਹੌਲ ਖਤਮ ਹੋ ਸਕੇ ਅਤੇ ਦੇਸ਼ ਆਰਥਿਕ ਮੰਦੀ ਅਤੇ ਬੇਰੁਜਗਾਰੀ ਵਰਗੇ ਗੰਭੀਰ ਮੁੱਦਿਆਂ ਤੇ ਧਿਆਨ ਕੇਂਦਰਿਤ ਕਰਕੇ ਅੱਗੇ ਵਧ ਸਕੇ।

## ਪੰਜਾਬੀ ਫਿਲਮ ਤਾਜਾ ਸਮਾਚਾਰ - ਅੰਮ੍ਰਿਤ ਪਵਾਰ












**ਰਵਿੰਦਰ ਰਵੀ ਕਨੇਡਾ ਵਿਖੇ**

'ਜੱਟ ਜਿਊਣਾ ਮੌੜ' ਤੱਕ ਸੁਪਰ ਹਿੱਟ ਫਿਲਮਾ ਦੇ ਨਿਰਦੇਸ਼ਕ ਤੇ ਹੁਣ ' ਮਾਲਵੇ ਦੀ ਜੱਟੀ' ਲਈ ਪੀ.ਟੀ.ਸੀ. ਐਵਾਰਡ ਲੈ ਚੁੱਕੇ ਨਿਰਦੇਸ਼ਕ ਰਿਵੰਦਰ ਸਿੰਘ ਅੱਜ ਕੱਲ ਬੀ.ਸੀ ਦ ਕਨੇਡਾ 'ਚ ਸਾਹਿਤਕਾ ਸਭਿਆਚਾਰ ਮਨੋਰੰਜਨ ਤੇ ਫਿਲਮੀ ਪਾਰਟੀਆਂ 'ਚ ਸਿਰਕਤ ਕਰਕਿ ਸਨਮਾਨਿਤ ਹੋ ਰਹੇ ਹਨ । ਰਵਿੰਦਰ ਰਵੀ ਦਾ ਕਨੇਡਾ ਵਿਖੇ ਖਾਸ ਸਨਮਾਨ ਉਥੋਂਨ ਦੇ ਸੰਸਦ ਮੈਬਰਾਂ ਨੇ ਕੀਤਾ । ਰਵਿੰਦਰ ਰਵੀ 'ਕੌਮ ਦੇ ਹੀਰੇ' ਦੇ ਨਿਰਦੇਸ਼ਕ ਨੇ ਜੋ ਇੰਦਰਾ ਗਾਧੀ ਹੱਤਿਆ ਕਾਂਡ ਤੇ ਅਧਾਰਿਤ ਸੀ । ਵਧਾਈਆ ਰਵੀ ਜੀ ।

**ਸਤਵੰਤ ਕੌਰ ਦੀ ਧੂੰਮ**

ਕਦੇ ਦੂਰਦਰਸਨ ਜਲੰਧਰ ਤੇ ਟੀ.ਵੀ ਲੜੀਵਾਰਾ 'ਚ ਕੰਮ ਕਰਨ ਵਾਲੀ ਸੀਤੂ ਸਿੰਘ ਹੁਣ ਸਤਵੰਤ ਕੌਰ ਬਣ 'ਮਜਾਜਣ' ਤੋ ਲੈ ਕਿ 'ਜੱਦੀ ਸਰਦਾਰ' ਤੱਕ ਚੋਟੀ ਦੀਆ ਫਿਲਮਾ ਕਰ ਕਿ ਲੋਕ ਪ੍ਰਿਯ ਚਰਿੱਤਰ ਅਭਿਨੇਤਰੀ ਬਣ ਗਈ ਹੈ । ਸਤਵੰਤ ਕੌਰ ਅਜੇ ਵੀ ਭਾਬੀ, ਚਾਚੀ, ਭੂਆ, ਮਾਸੀ ਦੇ ਕਿਰਦਾਰ 'ਚ ਫਿੱਟ ਹੈ। ਸਤਵੰਤ ਕੌਰ ਅਨੁਸਾਰ ਪੰਜਾਬੀ ਫਿਲਮਾ ਦੇ ਵਿਕਾਸ ਨੇ ਨਵਿਆਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ ਹੈ ।

**ਗੋਪੀ ਢਿਲੋਂ ਤੇ ਟਵਿੰਕਲ ਦੀ ਜੋੜੀ**

ਬੱਬੂ ਮਾਨ ਫਿਰੋਜ ਖਾਨ ਨਛੱਤ ਰਗਿੱਲ ਆਦਿ ਸਿਤਾਰੇ ਕਲਾਕਾਰ ਵੀਡਿਉ ਨਿਰਦੇਸ਼ਕ ਗੋਪੀ ਢਿਲੋਂ ਦੀ ਡਾਇਰੈਕਸ਼ਨ ਤੋਂ ਪ੍ਰਭਾਵਿਤ ਹਨ । ਡਾਇਰੈਕਟਰ ਦੇ ਨਾਲ ਗੋਪੀ ਢਿਲੋਂ ਚੰਗਾ ਮਾਡਲ ਵੀ ਹੈ ਤੇ ਸਾਊਥ ਦੀ ਹੀਰੋਇਨ ਟਵਿੰਕਲ ਕਪੂਰ ਨਾਲ ਉਸਦੀ ਜੋੜੀ ਕਈ ਵੀਡਿਉ ਹਿੱਟ ਕਰਵਾ ਚੁੱਕੀ ਹੈ । ਹੁਣ ਗੋਪੀ ਢਿਲੋਂ ਜਲਦੀ ਹੀ ਟਵਿੰਕਲ ਨਾਲ ਅਪਣੀ ਨਵੀ ਫਿਲਮ 'ਚ ਪਰਦੇ ਤੇ ਆਉਣਗੇ ।

**ਵਿਆਹ, ਸਿਤਾਰੇ ਤੇ ਲਾੜਾ**

ਫਿਲਮਾਂ ਦੇ ਹੀਰੋ ਸੰਦੀਪ ਸਿੰਘ ਦੇ ਸੀ.ਈ.ਓ ਗੁਰਵਿੰਦਰ ਪਾਲ ਕੰਬੋਜ ਦੇ ਅਰਸ਼ ਨਾਲ ਸੂਭ ਵਿਆਹ ਤੇ ਅੰਮ੍ਰਿਤਸਰ 'ਚ ਗਾਇਕ ਸੁਰਜੀਤ ਭੂੱਲਰ ਅਮਰਜੀਤ ਚੋਟੀਆ, ਰਾਜਨ ਬੱਤਰਾ, ਸੋਨੂੰ ਅੰਮ੍ਰਿਤਸਰ, ਵਨੀਤ ਅਟਵਾਲ, ਗੁਰਮੇਲ ਰਾਹੀ, ਸਪਨਾ, ਰਜਿੰਦਰ ਰਾਜੀ ਸਾਮਿਲ ਹੋਏ ਤੇ ਇਸ ਵਿਆਹ 'ਚ ਲਾੜੇ ਨਾਲ ਸਿਤਾਰਿਆ ਨੇ ਖੂਬ ਮਸਤੀ ਕੀਤੀ ਤੇ ਮਜਾ ਲਿਆ ।

**ਰਾਣਾ ਸੰਧੂ ਫਿਲਮਾ ਵੱਲ**

ਅੰਤਰਾਸ਼ਟਰੀ ਪੰਜਾਬੀ ਗਾਇਕ ਰਾਣਾ ਸੰਧੂ ਯੂ.ਕੇ ਦੇ ਨਾਂਅ ਨਾਲ ਪ੍ਰਸਿੱਧ ਹੈ । ਰਾਣਾ ਸੰਧੂ ਦੀਆਂ ਦਰਜਨਾਂ ਟੇਪਾਂ, ਸੀ.ਡੀ ਤੇ ਐਲਬਮਜ ਆਏ ਹਨ ਤੇ ਯੂ.ਕੇ ਭਾਰਤ, ਆਸਟਰੇਲੀਆ, ਯੂਰਪ 'ਚ ਰਾਜਾ ਸੰਧੂ ਦੇ ਸਅਜ ਵਿੱਕ ਰਹੇ ਹਨ । ਰਾਣਾ ਸੰਧੂ ਹੁਣ ਯੂ.ਕੇ ਟੂ ਪੰਜਾਬ ਫਿਲਮ ਨਾਲ ਪਾਲੀਵੁੱਡ 'ਚ ਪ੍ਰਵੇਸ ਕਰਨ ਜਾ ਰਿਹਾ ਹੈ । ਰਸੂਲਪੁਰੀਏ ਰਾਣਾ ਸੰਧੂ ਦੀ ਪੰਜਾਬੀ ਗਾਇਕੀ 'ਚ ਮਜਬੂਤ ਪਛਾਣ ਤੋਂ ਬਾਅਦ ਹੁਣ ਫਿਲਮਾ 'ਚ ਪਛਾਣ ਬਣੇ ਗੀ । ਸੋਨਲ ਡੋਗਰਾ ਤੇ ਮਾਨ.ਕੇ ਅਭਿਨੇਤਰੀਆ ਵੀ ਰਾਣਾ ਸੰਧੂ ਦੀ ਅਵਾਜ ਤੋਂ ਪ੍ਰਭਾਵਿਤ ਹਨ ।

**ਚਲਦੇ ਚਲਦੇ-** ਤਰਸੇਮ ਜੱਸੜ ਤੇ ਵਾਮਿਕਾ ਗੱਬੀ ਦੀ 'ਗਲਵੱਕੜੀ' 2 ਅਪਰੈਲ ਨੂੰ ਆਏਗੀ । ਇਕ ਸੰਧੂ ਹੁੰਦਾ ਸੀ ਨੂੰ ਉਮੀਦਾ ਅਨੁਸਾਰ ਹੁੰਗਾਰਾ ਨਹੀ ਮਿਲਿਆ। ਗਿੱਪੀ ਗੇਵਾਲ ਨੇ ਵੈਬ ਸੀਰੀਜ 'ਵਾਰਨਿੰਗ' ਬਣਾਈ ਹੈ ।

ਸੰਦੀਪ ਸਿੰਘ ਅਸਟਰੇਲੀਆ ਨੇ ਤੇ ਪੰਜਾਬ ਪਾਲੀਵੁੱਡ ਲਈ ਪਰਤ ਆਇਆ ਹੈ । ਚਲ ਮੇਰਾ ਪੁੱਤ - 2 ਦੀ ਪੂਰੀ-ਪੂਰੀ ਚਰਚਾ ਹੈ।

# ਵੱਡੇ ਜਰਨੈਲਾਂ ਦੇ ਵੱਡੇ ਜਿਗਰੇ 'ਦਿੱਲੀ ਫਤਿਹ'



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੀ ਮੌਲਿਕ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ। ਸਮਾਜ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਅਤੇ ਸਵੈਮਾਣ ਦੀ ਪ੍ਰੇਰਨਾ ਦਿੱਤੀ। ਅੰਮ੍ਰਿਤ ਦੀ ਦਾਤ ਨਾਲ ਫੌਜੀ ਖਾਲਸਾ ਤਿਆਰ ਹੋਇਆ, ਜਿਸਨੇ ਲਾਸਾਨੀ ਸ਼ਹੀਦੀਆਂ ਦਿੱਤੀਆਂ। ਉਹਨਾਂ ਅੰਦਰ ਨਿਸਚੈ ਕਰ ਅਪਨੀ ਜੀਤ ਕਰੂੰ ਦਾ ਜੋਸ਼ ਠਾਠਾਂ ਮਾਰਨ ਲੱਗਾ। ਹਰ ਮੈਦਾਨ-ਏ-ਜੰਗ ਵਿੱਚ ਖਾਲਸਾ ਜਿਸ ਜਾਹੋ-ਜਲਾਲ ਨਾਲ ਲੜਿਆ, ਉਸਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਨਾਲ ਸਿੱਖਾਂ 'ਤੇ ਬੜੇ ਜ਼ੁਲਮ ਢਾਹੇ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਅੱਤਿਆਚਾਰ ਆਪਣੇ ਪਿੰਡੇ 'ਤੇ ਹੰਢਾਅ ਕੇ ਧਰਮ ਯੁੱਧ ਵਿਚ ਪੱਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਨੌਜਵਾਨ, ਬੱਚਾ, ਬਜ਼ੁਰਗ ਅਤੇ ਔਰਤ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਗਾਉਂਦੇ ਰਹੇ 'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ'। ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ।

ਅਜਿਹੇ ਸਮੇਂ ਵਿਚ ਹੀ ਅਫਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖੂਨੀ ਇਰਾਦਾ ਸੀ, ਜਿਸ ਵਿਚ ਖਾਲਸੇ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। ਇਸ ਹੇਠ 1746 ਈ: ਦਾ ਕਾਹਨੂੰਵਾਲ ਛੰਬ ਦਾ 'ਛੋਟਾ ਘੱਲੂਘਾਰਾ' ਫਿਰ 1762 ਦਾ 'ਵੱਡਾ ਘੱਲੂਘਾਰਾ' ਜਿਸ ਵਿਚ ਵੱਡੀ ਪੱਧਰ 'ਤੇ ਸਿੱਖਾਂ ਦਾ ਕਤਲੇਆਮ ਹੋਇਆ। ਜੋ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬ ਬਾਹਮਣੀਆਂ ਕੋਲ ਜਾ ਕੇ ਖਤਮ ਹੋਇਆ। ਨੌਜਵਾਨ ਅਹਿਮਦਸ਼ਾਹ ਅਬਦਾਲੀ ਆਪਣੇ ਰਾਜ ਨੂੰ ਵਧਾਉਣ ਦੇ ਆਹਰ ਵਿਚ ਸੀ। ਇਸ ਲਈ ਡੇਢ ਸਾਲ ਉਸਨੇ ਮਰਹੱਟਿਆਂ ਵਿਰੁੱਧ ਮੁਹਿੰਮ ਚਲਾਈ ਰੱਖੀ। ਇਸ ਸਮੇਂ ਖਾਲਸੇ ਕੋਲ ਮੁਗਲਾਂ ਨੂੰ ਦਬਾਅ ਕੇ ਰੱਖਣ ਦਾ ਸੁਨਹਿਰੀ ਮੌਕਾ ਸੀ। ਅਬਦਾਲੀ ਨੇ ਪਾਣੀਪੱਤ ਦੇ ਮੈਦਾਨ ਵਿਚ ਮਰਹੱਟਿਆਂ 'ਤੇ ਵੱਡੀ ਜਿੱਤ ਪ੍ਰਾਪਤ ਕਰ ਲਈ ਸੀ। ਜਦੋਂ ਪੰਜਾਬ ਪਰਤਿਆ ਤਾਂ ਉਸਨੂੰ ਪਤਾ ਲੱਗਾ ਕਿ ਸਿੰਘਾਂ ਨੇ ਬੜੀ ਖਲਬਲੀ ਮਚਾਈ ਰੱਖੀ ਹੈ। ਉਸ ਨੇ ਸੋਚਿਆ ਕਿ ਲੰਮੀਆਂ ਜੰਗਾਂ ਤੋਂ ਪਰਤਿਆ ਹਾਂ, ਜਿਵੇਂ ਮਰਹੱਟਿਆਂ ਨੂੰ ਭਜਾਇਆ ਸੀ, ਸਿੰਘਾਂ ਨਾਲ ਵੀ ਸਿੱਝ ਲਵਾਂਗੇ। ਅਜੇ ਆਰਾਮ ਦੀ ਜ਼ਰੂਰਤ ਹੈ।

ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦੀ ਫੌਜ ਲੈ ਕੇ 1762 ਵਿਚ ਪੰਜਾਬ ਵਿਚ ਦਾਖਲ ਹੋਇਆ। ਸਿੰਘਾਂ ਨੇ ਮਲੇਰਕੋਟਲਾ ਕੋਲ ਕੁੱਪ ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ। ਸਿੰਘਾਂ ਦੇ ਨਾਲ ਬੱਚੇ, ਬਜ਼ੁਰਗ, ਔਰਤਾਂ ਦਾ ਕਾਫਲਾ ਸੀ। ਅਬਦਾਲੀ ਨੇ ਅਚਾਨਕ ਸਿੱਖਾਂ 'ਤੇ ਹਮਲਾ ਬੋਲ ਦਿੱਤਾ। ਸਿੰਘਾਂ ਨੇ ਕਾਫਲੇ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ। ਸਿੰਘ ਲੜਦੇ ਹੋਏ ਕਾਫਲੇ ਦੇ ਪਿੱਛੇ ਜਾ ਰਹੇ ਸਨ। ਇਕ ਪਾਸੇ ਤੋਂ ਜੈਨ ਖਾਸ, ਸੂਬਾ ਸਰਹਿੰਦ ਦੂਜੇ ਪਾਸੇ ਭੀਖਣ ਖਾਨ ਨਵਾਬ ਮਲੇਰਕੋਟਲਾ ਅਤੇ ਲਛਮੀ ਸਹਾਏ ਦੀਵਾਨ ਰਾਏਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ ਚੁੱਕੇ ਸਨ। ਸਿੰਘਾਂ ਨੇ ਚਾਰੇ ਪਾਸੇ ਤੋਂ ਘਿਰੇ ਵੇਖ ਕੇ ਸਿਰ ਧੜ ਦੀ ਬਾਜ਼ੀ ਲਗਾ ਕੇ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡਲੇਵਾਲੀਆ ਤੇ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਜੰਗ ਵਿਚ ਜੂਝ ਰਹੀਆਂ ਸਨ। ਗਹਿਗੱਚ ਜੰਗ ਵਿਚ ਉਲਝੇ ਸਿੰਘਾਂ ਨੂੰ ਤਾੜ ਕੇ ਅਬਦਾਲੀ ਦੀ ਫੌਜ ਨੇ ਧੋਖੇ ਨਾਲ ਅੱਗੇ ਜਾ ਕੇ ਕਾਫਲੇ 'ਤੇ ਹਮਲਾ ਕਰ ਦਿੱਤਾ। ਉਸਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਰਾਖੀ ਲਈ ਪਹੁੰਚ ਗਏ। ਸਿੰਘ ਕਾਫਲੇ ਦੇ ਦੁਆਲੇ ਸੁਰੱਖਿਆ ਚੱਕਰ ਨੁਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ।

ਇਸ ਆਹਮੋ-ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ, ਜੋ ਹੋਰ ਕਿਸੇ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘ ਫਿਰ ਵੀ ਰੱਬ ਦੇ ਭਾਣੇ ਵਿਚ ਨਿਸਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਵੀ ਅਨੇਕਾਂ ਜ਼ਖਮ ਸਨ।

ਸਿੰਘਾਂ ਨੇ ਜਾਣ ਲਿਆ ਸੀ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਿਲ ਹੈ। ਇਸ ਲਈ ਜੂਝ ਕੇ ਸ਼ਹੀਦ ਹੋਣਾ ਹੀ ਬਿਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਵਾਹ-ਤਾਣ ਲਾ ਕੇ ਤਗੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਵੱਡੀ ਫੌਜ ਨੂੰ ਮਾਰ ਮੁਕਾਇਆ। ਇਸ ਘਮਸਾਨ ਦੇ ਜੰਗ ਵਿਚ ਅਬਦਾਲੀ ਦੇ ਪੈਰ ਖਿੜਕ ਗਏ। ਸੀਸ ਤਲੀ 'ਤੇ ਧਰ ਕੇ ਲੜਨ ਵਾਲਿਆਂ ਸਿੰਘਾਂ ਨੇ ਅਬਦਾਲੀ ਦੇ ਵੱਡੇ-ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲੱਗੇ। ਉਹ ਸੋਚਦੇ ਕਿ ਇਹ ਮਨੁੱਖ ਹਨ ਜਾਂ ਫੌਲਾਦ।

ਸਿੰਘ ਲੜਦੇ ਲੜਦੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀਆਂ ਫੌਜਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ-ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲਾ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ, ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸਚੈ ਰੱਖਿਆ।

ਇਸ 'ਵੱਡੇ ਘੱਲੂਘਾਰੇ' ਦੀ ਜੰਗ ਵਿਚ 30 ਹਜ਼ਾਰ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ। ਅਗਲੇ ਸਾਲ 1963 ਵਿਚ ਸਿੰਘਾਂ ਨੇ ਸਰਹਿੰਦ ਫਤਿਹ ਕਰ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰ੍ਹਾਂ ਇਹ ਘੱਲੂਘਾਰੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ, ਜਿਹਨਾਂ ਨੇ ਅੱਗੇ ਜਾ ਕੇ ਆਜ਼ਾਦ ਸਿੰਘ ਰਾਜ ਦੀਆਂ ਨੀਹਾਂ ਪੱਕੀਆਂ ਕੀਤੀਆਂ।



SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਕਰੋਨਾ ਨੇ ਮਹਾਂ-ਸ਼ਕਤੀਆਂ ਨੂੰ ਦਿਖਾਈ ਉਨ੍ਹਾਂ ਦੀ ਔਕਾਤ



ਮਿੰਟੂ ਬਰਾੜ
+61 434 289 905


ਮੁੱਢ ਕਦੀਮੋਂ ਜਦੋਂ ਤੋਂ ਜੀਵ ਹੋਂਦ 'ਚ ਆਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਨਵੀਆਂ-ਨਵੀਆਂ ਬਿਮਾਰੀਆਂ ਵੀ ਪਨਪ ਦੀਆਂ ਰਹੀਆਂ ਹਨ। ਕੁਝ ਕੁ ਨੂੰ ਛੇਤੀ ਕਾਬੂ ਕਰ ਲਿਆ ਜਾਂਦਾ ਰਿਹਾ ਕੁਝ ਕੁ ਮਹਾਂਮਾਰੀ ਬਣ ਕੇ ਸਦਾ ਲਈ ਦੁਨੀਆ ਦੀ ਸਿਆਣਪ ਤਰੱਕੀ ਤੋਂ ਲੈ ਕੇ ਗਿਆਨ-ਵਿਗਿਆਨ ਦੇ ਮੂੰਹ 'ਤੇ ਚਪੇੜਾਂ ਮਾਰਦੀਆਂ ਰਹੀਆਂ ਹਨ। ਉਹ ਚਾਹੇ ਚੇਚਕ ਹੋਵੇ, ਚਾਹੇ ਕੋਹੜ ਹੋਵੇ, ਚਾਹੇ ਪੋਲੀ ਓ ਹੋਵੇ, ਚਾਹੇ ਪਲੇਗ ਹੋਵੇ, ਚਾਹੇ ਏਡਜ਼ ਹੋਵੇ, ਚਾਹੇ ਸਵਾਨ ਫਲੂ ਹੋਵੇ, ਚਾਹੇ ਇਬੋਲਾ ਹੋਵੇ ਤੇ ਚਾਹੇ ਹੁਣ ਚੱਲ ਰਿਹਾ ਕਰੋਨਾ ਹੋਵੇ। ਕਿਸੇ ਵੀ ਇਕ ਨਵੀਂ ਬਿਮਾਰੀ ਤੇ ਕਾਬੂ ਪਾਉਣ 'ਚ ਦੋ ਚਾਰ ਸਾਲ ਤਾਂ ਲੱਗ ਹੀ ਜਾਂਦੇ ਹਨ ਤੇ ਅਗਲੀ ਤਿਆਰ ਖੜ੍ਹੀ ਹੁੰਦੀ ਹੈ।

ਪੁਰਾਣੇ ਜ਼ਮਾਨੇ 'ਚ ਜੇ ਦੁਨੀਆ ਨੇ ਤਰੱਕੀ ਨਹੀਂ ਸੀ ਕੀਤੀ ਤਾਂ ਉਸ ਨਾਲ ਹਰ ਚੀਜ਼ ਦੀ ਰਫ਼ਤਾਰ ਵੀ ਘੱਟ ਸੀ ਅੱਜ ਅਸੀਂ ਤਰੱਕੀ ਕਰ-ਕਰ ਕੇ ਦੁਨੀਆ ਮੁੱਠੀ 'ਚ ਤਾਂ ਕਰ ਲਈ ਹੈ ਜਿਸ ਦੇ ਫ਼ਾਇਦੇ ਵੀ ਬਹੁਤ ਹੋ ਗਏ ਹਨ ਪਰ ਨਾਲ-ਨਾਲ ਨੁਕਸਾਨ ਵੀ ਤੁਹਾਡੇ ਸਾਹਮਣੇ ਹਨ। ਅੱਗੇ ਜੇ ਦੁਨੀਆ ਦੇ ਕਿਸੇ ਕੋਨੇ 'ਚ ਕੋਈ ਮਹਾਂਮਾਰੀ ਫੈਲ ਵੀ ਜਾਂਦੀ ਸੀ ਤਾਂ ਉਹ ਉਸ ਤੇਜ਼ੀ ਨਾਲ ਸਫ਼ਰ ਨਹੀਂ ਸੀ ਕਰਦੀ ਜੋ ਅੱਜ ਦੇ ਆਧੁਨਿਕ ਯੁੱਗ 'ਚ ਕਰ ਰਹੀ ਹੈ। ਸਿਰਫ਼ ਤਿੰਨ ਮਹੀਨਿਆਂ ਤੋਂ ਵੀ ਘੱਟ ਵਕਤ 'ਚ ਚਾਈਨਾ ਤੋਂ ਸ਼ੁਰੂ ਹੋਇਆ ਕਰੋਨਾ ਨਾਮ ਦਾ ਕੀਟਾਣੂ ਅੱਜ ਅੱਧੀ ਦੇ ਕਰੀਬ ਦੁਨੀਆ ਨੂੰ ਲਪੇਟ 'ਚ ਲੈ ਚੁੱਕਿਆ ਹੈ। ਜਿਹੜੀ ਦੁਨੀਆ ਦੀ ਰਫ਼ਤਾਰ ਨੂੰ ਠੱਲ੍ਹ ਪਾਉਣ 'ਚ ਵੱਡੇ ਵੱਡੇ ਰਾਜੇ ਰਾਣੇ ਫ਼ੇਲ੍ਹ ਹੋ ਜਾਂਦੇ ਹਨ ਉਸ ਨੂੰ ਇਸ ਇਕ ਨਾ ਦਿਸਣ ਵਾਲੇ ਕੀਟਾਣੂ ਨੇ ਠੱਲ੍ਹ ਪਾ ਦਿੱਤੀ ਹੈ। ਜਹਾਜ਼ਾਂ ਦੇ ਅੱਡਿਆਂ ਤੋਂ ਲੈ ਕੇ ਬਜ਼ਾਰਾਂ, ਸੜਕਾਂ ਦੀ ਰੌਣਕ ਤੱਕ ਖਾ ਗਿਆ ਹੈ। ਇਸ ਆਪੋ-ਧਾਪੀ 'ਚ ਜਿੱਥੇ ਰਿਸ਼ਤਿਆਂ 'ਚ ਵੀ ਦੂਰੀਆਂ ਆ ਗਈਆਂ ਉੱਥੇ ਸਭਿਅਕ ਕਹਾਉਣ ਵਾਲਾ ਸੰਸਾਰ ਟਾਇਲਟ ਪੇਪਰਾਂ ਬਦਲੇ ਇਕ ਦੂਜੇ ਦੇ ਲੀੜੇ ਪਾੜਦਾ ਦਿਖਾਈ ਦਿੱਤਾ। ਸਾਡਾ ਇਕ ਮਿੱਤਰ ਕਹਿੰਦਾ ਹੁੰਦਾ ਕਿ ਜਿਹੜੇ ਇਹ ਭਾਰਤੀ ਲੋਕਾਂ ਨੂੰ ਅਸੱਭਿਅਕ ਕਹਿਣ ਵਾਲੇ ਲੋਕ ਹਨ ਜੇ ਇਹਨਾਂ ਨੂੰ ਉਹ ਜਿਹੇ ਹਾਲਤਾਂ 'ਚ ਰਹਿਣਾ ਪੈ ਜਾਵੇ ਤਾਂ ਇਹਨਾਂ ਦੀ ਵੀ ਔਕਾਤ ਸਾਹ-ਮਣੇ ਆ ਜਾਵੇ। ਜੋ ਪਿਛਲੇ ਦਿਨਾਂ 'ਚ ਸਾਰੇ ਸੰਸਾਰ ਨੇ ਦੇਖ ਵੀ ਲਈ ਹੈ। ਇਸ ਦੌਰਾਨ ਪੈਸੇ ਵਾਲੇ ਉਹ ਲੋਕਾਂ ਤੋਂ ਵੀ ਪਰਦਾ ਚੁੱਕਿਆ ਗਿਆ ਜੋ ਦੂਜਿਆਂ ਨੂੰ ਤਾਂ 'ਵੰਡ ਛਕੋ' ਦੇ ਪ੍ਰਵਚਨ ਆਮ ਦਿੰਦੇ ਸੁਣੇ ਜਾਂਦੇ ਹਨ ਪਰ ਖ਼ੁਦ ਆਟੇ ਅਤੇ ਚੌਲਾਂ ਆਦਿ ਦੀਆਂ ਰੇੜ੍ਹੀਆਂ ਭਰ-ਭਰ ਘਰਾਂ ਨੂੰ ਲਿਜਾਂਦੇ ਦਿਸੇ। ਕੋਈ ਉਨ੍ਹਾਂ ਤੋਂ ਪੁੱਛਣ ਵਾਲਾ ਹੋਵੇ ਕਿ ਕੀ ਇਸ ਨਾਲ ਤੁਹਾਡੀ ਤਾ ਉਮਰ ਲੰਘ ਜਾਵੇਗੀ? ਜੋ ਗ਼ਰੀਬ ਰੋਜ਼ ਕਮਾ ਕੇ ਖਾਣ ਵਾਲਾ ਉਸ ਦਾ ਕੀ ਬਣੇਗਾ?

ਇਸ ਲੇਖ ਦੀ ਸਮਝ ਮੁਤਾਬਿਕ ਇਹ ਦੁਨੀਆ ਲਈ ਆਉਣ ਵਾਲੇ ਜ਼ਮਾਨੇ ਦੀ ਇਕ ਝਲਕ ਅਤੇ ਚੇਤਾਵਨੀ ਹੈ।

ਹਰ ਰੋਜ਼ ਸਾਡੇ ਕੰਨ ਇਹ ਸੁਣਨ ਦੇ ਆਦੀ ਹੋ ਚੁੱਕੇ ਹਨ ਕਿ ਫਲਾਂ ਦੇਸ਼ ਦੁਨੀਆ ਦੀ ਮਹਾਂ-ਸ਼ਕਤੀ ਹੈ , ਫਲਾਂ ਬੰਦਾ ਬਾਹੂ-ਬਲੀ ਹੈ। ਪਰ ਇਕ ਛੋਟੇ ਜਿਹੇ ਕੀਟਾਣੂ ਨੇ ਦੁਨੀਆ ਨੂੰ ਉਸ ਦੀ ਔਕਾਤ ਦਿਖਾ ਦਿੱਤੀ ਹੈ।

ਹੁਣ ਤੁਸੀਂ ਸੋਚ ਕੇ ਦੇਖੋ ਕੇ ਜਦੋਂ ਸਾਨੂੰ ਕੁਦਰਤ ਵੱਲੋਂ ਬਖ਼ਸ਼ੀਆਂ ਉਹ ਬੇਸ਼ਕੀਮਤੀ ਸੁਗਾਤਾਂ ਮੁੱਕਣ ਕੰਢੇ ਆ ਗਈਆਂ ਤਾਂ ਮਹਾਂ ਸ਼ਕਤੀਆਂ ਤੋਂ ਲੈ ਕੇ ਰਿਸ਼ਤਿਆਂ ਤੱਕ ਦਾ ਘਾਣ ਕਿਵੇਂ ਦਾ ਹੋਵੇਗਾ? ਅੱਜ ਇਕ ਮਾਂ ਆਪਣੇ ਬਿਮਾਰ ਪੁੱਤ ਦਾ ਮੂੰਹ ਚੁੰਮਣਾ ਤਾਂ ਕਿ ਉਸ ਦੇ ਕੋਲ ਜਾਣ ਤੋਂ ਵੀ ਡਰਦੀ ਹੈ।



ਦੁਨੀਆ ਨੂੰ ਅੱਖਾਂ ਦਿਖ-ਾਉਣ ਵਾਲੇ ਮੁਲਕ ਖੁੱਡਾਂ 'ਚ ਵੜ ਕੇ ਬਹਿ ਗਏ ਹਨ। ਮੰਨ ਲਵੋ ਜੇ ਦੁਨੀਆ ਤੋਂ ਪਾਣੀ ਮੁੱਕ ਗਿਆ ਤਾਂ ਕਿਹੜਾ ਰਿਸ਼ਤਾ ਜੋ ਦੂਜੇ ਤੇ ਜਾਣ ਵਾਰੇ ਗਾ ਜਾਂ ਫੇਰ ਜ਼ੋਰਾਵਰ ਕਮਜ਼ੋਰ ਦਾ ਖ਼ੂਨ ਪੀ ਕੇ ਚਾਰ ਘੜੀਆਂ ਵੱਧ ਜਿਉਂ ਲਵੇਗਾ? ਕੁੱਝ ਗੱਲਾਂ ਡੀਂਗਾਂ ਮਾਰਨ ਤੇ ਕਿਤਾਬਾਂ 'ਚ ਹੀ ਚੰਗੀਆਂਲਗਦੀਆਂ ਹਨ। ਪਰਖ ਤਾਂ ਮੁਸੀਬਤ ਦੀ ਘੜੀ 'ਚ ਹੁੰਦੀ ਹੈ।

ਹਰ ਕੋਈ ਇਕ ਦੂਜੇ ਤੇ ਦੋਸ਼ ਲਾ ਰਿਹਾ ਹੈ, ਕੋਈ ਕਹਿੰਦਾ ਕੁਤਾਹੀ ਚਾਈਨਾ ਦੇ ਲੋਕਾਂ ਨੇ ਕੀਤੀ ਹੈ। ਕੋਈ ਕਹਿੰਦਾ ਅਮਰੀਕਾ ਦੀ ਚਾਲ ਹੈ। ਕੋਈ ਕਹਿੰਦਾ ਇਹੀ ਤਾਂ ਹੈ ਰਸਾਇਣਿਕ ਜੰਗ। ਕੁਲ ਮਿਲਾ ਕੇ ਇਹ ਲਗਦਾ ਹੈ ਕਿ ਇਹ ਉਹ ਤਰੱਕੀ ਹੈ ਜਿਸ ਦੀ ਭਾਲ 'ਚ ਅਸੀਂ ਦਿਨ ਰਾਤ ਇਕ ਕਰਕੇ ਕੁਦਰਤ ਦੇ ਵੈਰੀ ਬਣੇ ਹੋਏ ਹਾਂ।

ਪੱਖ ਬਹੁਤ ਸਾਰੇ ਹਨ ਅੱਜ ਦੇ ਹਾਲਤਾਂ ਦੇ। ਜਿੱਥੇ ਇਸ ਨੂੰ ਇਨਸਾਨ ਦੀ ਗ਼ਲਤੀ ਕਿਹਾ ਜਾ ਰਿਹਾ ਹੈ ਉੱਥੇ ਤਾਕਤ ਲਈ ਲੜਾਈ ਵੀ ਕਿਹਾ ਜਾ ਰਿਹਾ ਹੈ। ਮੌਕਾ ਪ੍ਰਸਤਾਂ ਲਈ ਪੈਸੇ ਕਮਾਉਣ ਦਾ ਮੌਕਾ ਮੰਨਿਆ ਜਾ ਰਿਹਾ ਹੈ। ਬੁੱਧੀਜੀਵੀ ਆਪਣੀ ਬੁੱਧੀਜੀਵੀਤਾ ਝਾੜਨ ਦੇ ਸੁਨਹਿਰੀ ਮੌਕੇ ਦੇ ਰੂਪ 'ਚ ਦੇਖ ਰਹੇ ਹਨ। ਅਸਲ 'ਚ ਤਾਂ ਇਹ ਤਰੱਕੀ ਦਾ ਖ਼ਮਿਆਜ਼ਾ ਹੈ।

ਪੱਖ ਇਕ ਹੋਰ ਵੀ ਵਿਚਾਰਨਯੋਗ ਹੈ ਕਿ ਜਦੋਂ ਕਿਸੇ ਦੇ ਘਰ ਚਾਰ ਮਨ ਦਾਣੇ ਹੋਣ ਲੱਗ ਜਾਣ ਤਾਂ ਉਹ ਵੱਡਿਆਂ ਦੀਆਂ ਅੱਖਾਂ 'ਚ ਰੜਕਣ ਲੱਗ ਜਾਂਦਾ ਹੈ। ਇਹੀ ਕੁੱਝ ਅੱਜ ਕੱਲ੍ਹ ਚਾਈਨਾ ਤੇ ਅਮਰੀਕਾ ਵਿਚਾਲੇ ਚੱਲ ਰਿਹਾ ਸੀ। ਚਾਈਨਾ ਦੀ ਤਰੱਕੀ ਅਮਰੀਕਾ ਨੂੰ ਰੜਕ ਰਹੀ ਹੈ। ਹੋ ਸਕਦਾ ਕਰੋਨਾ ਇਸ ਦੀ ਉਪਜ ਹੋਵੇ! ਕਿਉਂਕਿ ਅਮਰੀਕੀ ਲੋਕਾਂ ਨੂੰ ਚਾਈਨਾ ਦੀਆਂ ਸਸਤੀਆਂ ਚੀਜ਼ਾਂ ਖ਼ਰੀਦਣ ਦਾ ਭੁਸ ਪੈ ਗਿਆ ਸੀ ਤੇ ਦੇਸ਼ ਦਾ ਇਕ ਵੱਡਾ ਸਰਮਾਇਆ ਉੱਧਰ ਨੂੰ ਜਾ ਰਿਹਾ ਸੀ। ਹੁਣ ਜੇ ਸਰਕਾਰ ਚਾਈਨਾ ਨਾਲ ਇਸ ਕਰਕੇ ਵਪਾਰ ਬੰਦ ਕਰ ਦਿੰਦੀ ਤਾਂ ਲੋਕਾਂ ਤੇ ਵਿਰੋਧੀਆਂ ਨੇ ਕਰਨ ਨਹੀਂ ਦੇਣਾ ਸੀ। ਪਰ ਹੁਣ ਹਾਲਾਤ ਇਹ ਹਨ ਕਿ ਲੋਕਾਂ ਦੇ ਮਨਾਂ ਅੰਦਰ ਚਾਈਨਾ ਦਾ ਖ਼ੌਫ਼ ਖੜ੍ਹਾ ਕਰ ਦਿੱਤਾ ਗਿਆ ਹੈ। ਜਿਸ ਨਾਲ ਅਮਰੀਕਾ ਦੇ ਦੋਵਾਂ ਹੱਥਾਂ 'ਚ ਲੱਡੂ ਹਨ। ਇਕ ਪਾਸੇ ਉਹ ਆਪਣਾ ਸਰਮਾਇਆ ਬਚਾਊ, ਦੂਜੇ ਪਾਸੇ ਰੋਜ਼ਗਾਰ ਵਧੂ, ਤੀਜੇ ਪਾਸੇ ਪਹਿਲਾਂ ਜਿਵੇਂ ਐੱਚ.ਆਈ.ਵੀ. ਦਾ ਹਊਆ ਬਣਾ ਕੇ ਆਪਣੀ ਦਵਾਈ ਵੇਚੀ ਸੀ, ਹੁਣ ਕਰੋਨਾ ਦੀ ਦਵਾਈ ਪੇਟੈਂਟ ਕਰਵਾ ਕੇ ਦੁਨੀਆ ਲੁੱਟੂ। ਸੋਚਣ ਵਾਲੀ ਗੱਲ ਹੈ ਕਿ ਚਾਈਨਾ 'ਚ ਕਰੋਨਾ ਫੈਲਣ ਦੀ ਪਹਿਲੀ ਖ਼ਬਰ ਅਮਰੀਕਾ ਦੇ ਮੀਡੀਆ ਤੋਂ ਹੀ ਕਿਉਂ ਨਸ਼ਰ ਹੋਈ?

ਦਿਨਾਂ 'ਚ ਹਸਪਤਾਲ ਉੱਸਰ ਗਏ, ਬਿਲੀਅਨ ਡਾਲਰ ਦਾਨ ਹੋ ਰਹੇ ਹਨ ਤਾਂ ਕਿ ਇਸ ਦੁਸ਼ਮਣ ਦਾ ਕੋਈ ਤੋੜ ਲੱਭਿਆ ਜਾ ਸਕੇ। ਲੱਭ ਵੀ ਲਿਆ ਜਾਵੇਗਾ ਪਰ ਕਰੋਨਾ ਤੋਂ ਬਾਅਦ ਕਿਸ ਨੂੰ ਪਤਾ ਹੋਰ ਕਿਹੜਾ ਉਸ ਦਾ ਮਾਸੀ ਦਾ ਮੁੰਡਾ ਤਿਆਰੀ ਕਰ ਰਿਹਾ ਹੋਵੇ ਇਸ ਦੁਨੀਆ ਨੂੰ ਉਸ ਦੀ ਔਕਾਤ ਦਿਖਾਉਣ ਲਈ?

ਹਾਲੇ ਤਾਂ ਇਸ ਦੀ ਮੌਤ ਦਰ ਸਿਰਫ਼ ਦੋ ਪ੍ਰਤੀਸ਼ਤ ਕਹੀ ਜਾ ਰਹੀ ਹੈ ਪਰ ਫੇਰ ਵੀ ਇਸ ਨੇ ਦੁਨੀਆ ਨੂੰ ਖੁੱਡੀ ਵਾੜ ਦਿੱਤਾ ਹੈ। ਇਸ ਨਾਲੋਂ ਤਾਂ ਭਿਆਨਕ ਕੈਂਸਰ ਹੈ ਜੋ ਇਕੱਲੇ ਬਠਿੰਡੇ ਜ਼ਿਲ੍ਹੇ 'ਚ ਇਸ ਤੋਂ ਵੱਡਾ ਨੁਕਸਾਨ ਹਰ ਰੋਜ਼ ਕਰ ਰਿਹਾ ਹੈ। ਇਸ ਨਾਲੋਂ ਭੈੜਾ ਤਾਂ ਸੜਕਾਂ ਦਾ ਭੂਤ ਹੈ ਜੋ ਹਰ ਰੋਜ਼ ਅਣਗਿਣਤ ਘਰ ਉਜਾੜ ਦਿੰਦਾ ਹੈ। ਕਰੋਨਾ ਨਾਲੋਂ ਵੱਧ ਤਾਂ ਲੋਕ ਭੁੱਖਮਰੀ ਨਾਲ ਮਰ ਰਹੇ ਹਨ, ਇਸ ਤੋਂ ਵੱਧ ਤਾਂ ਤਾਕਤ ਵਾਲੇ ਲੋਕ ਗ਼ਰੀਬਾਂ ਨੂੰ ਦਰੜ ਦਿੰਦੇ ਹਨ।

ਗਲੀ ਬਾਤੀਂ ਭਾਵੇਂ ਅਸੀਂ ਹਰ ਰੋਜ਼ ਉਪਰੋਕਤ ਵਿਚਾਰਾਂ ਕਰਦੇ ਰਹਿੰਦੇ ਹਾਂ ਪਰ ਅੱਜ ਜਦੋਂ ਜਿਗਿਆਸਾ ਦੇ ਤਹਿਤ ਗੂਗਲ ਬਾਬੇ ਤੋਂ ਪੁੱਛ ਕਢਵਾਈ ਤਾਂ ਆਂਕੜੇ ਦੇਖ ਕੇ ਗ਼ਸ਼ ਪੈਣ ਵਾਲੀ ਹੋ ਗਈ। ਸਿਰਫ਼ ਕੈਂਸਰ ਦੇ ਆਂਕੜੇ ਦੱਸ ਦਿੰਦਾ ਹਾਂ ਬਾਕੀ ਤੁਸੀਂ ਆਪ ਦੇਖ ਲਓ। ਦੁਨੀਆ ਦੀ ਸਿਹਤ ਸੰਸਥਾ ਮਤਲਬ ਡਬਲਿਊ.ਐੱਚ.ਓ. ਦੇ ਅੰਕੜੇ ਦੱਸਦੇ ਹਨ ਕਿ 2018 'ਚ ਤਕਰੀਬਨ 90 ਲੱਖ ਲੋਕੀ ਕੈਂਸਰ ਦੀ ਭੇਂਟ ਚੜ੍ਹੇ ਹਨ ਮਤਲਬ ਨਿਊਜ਼ੀਲੈਂਡ ਦੀ ਆਬਾਦੀ ਜਿੱਡੇ ਦੋ ਮੁਲਕ! ਬਾਕੀ ਇੰਡੀਆ ਦੇ ਅੰਕੜਿਆਂ ਦਾ ਤਾਂ ਕਿ ਕਹਿਣਾ, ਤੇ ਕੀ ਕਹਿਣਾ ਉੱਥੋਂ ਦੀਆਂ ਸਰਕਾਰਾਂ ਦਾ। ਕਰੋਨਾ ਨਾਲ ਤਾਂ ਹਾਲੇ ਸਿਰਫ਼ ਦੋ ਹੀ ਮੌਤਾਂ ਹੋਈਆਂ ਹਨ ਸੋ ਇਹ ਤਾਂ ਸਰਕਾਰਾਂ ਦੇ ਕੀ ਯਾਦ ਹੈ। ਉੱਥੇ ਤਾਂ ਪਿਛਲੇ ਮਹੀਨੇ ਦਿੱਲੀ 'ਚ ਪੰਜਾਹ ਦੇ ਕਰੀਬ ਬੇਕਸੂਰ, ਤਾਕਤਵਰਾਂ ਨੇ ਮੌਤ ਦੇ ਘਾਟ ਉਤਾਰ ਦਿੱਤੇ ਤੇ ਸਾਡੇ ਪ੍ਰਧਾਨ ਸੇਵਕ ਆਪਣੇ ਯਾਰ ਨੂੰ ਖ਼ੁਸ਼ ਕਰਨ ਲਈ ਕਬਰਾਂ ਧੋਣ 'ਚ ਵਿਅਸਤ ਰਹੇ।

ਭਾਵੇਂ ਕਰੋਨਾ ਰੂਪੀ ਮਾਂਹਾਂ ਨੇ ਲੋਕਾਂ ਨੂੰ ਵਾਦੀ ਹੀ ਕੀਤੀ ਹੈ ਪਰ ਕਈਆਂ ਲਈ ਇਹ ਮਾਂਹ ਸਵਾਦੀ ਵੀ ਹੋ ਨਿੱਬੜੇ ਹਨ। ਜਿਨ੍ਹਾਂ ਵਿਚ ਕੋਈ ਦੁੱਗਣੇ ਦਾਮਾਂ ਚ ਮਾਸਕ ਵੇਚ ਕੇ ਤੇ ਕੋਈ ਸੈਨੇਟਾਇਜ਼ਰ ਵੇਚ ਕੇ ਆਪਣਾ ਧੰਦਾ ਚਮਕਾ ਗਿਆ। ਉੱਧਰ ਕਰੋਨਾ ਰੂਪੀ ਗੰਗਾ 'ਚ ਪੰਜਾਬ ਦੇ ਮੁੱਖਮੰਤਰੀ ਸਾਹਿਬ ਵੀ ਆਪਣੇ ਹੱਥ ਧੋ ਹੀ ਗਏ ਕਹਿੰਦੇ "ਨੌਜਵਾਨੋ ਕਰੋਨਾ ਤੁਹਾਡਾ ਦੁਸ਼ਮਣ ਬਣ ਕੇ ਆ ਗਿਆ ਨਹੀਂ ਤਾਂ ਸਮਾਰਟ ਫ਼ੋਨ ਹੁਣ ਤੱਕ ਤੁਹਾਡੇ ਹੱਥਾਂ 'ਚ ਹੋਣੇ ਸੀ!" ਕਈ ਭਗਤ ਕਰੋਨਾ ਤੋਂ ਇਸ ਲਈ ਖ਼ੁਸ਼ ਹਨ ਕੇ ਇਸ ਕਰਕੇ ਸਾਡੀ ਨਮਸਤੇ ਦੁਨੀਆ ਨੂੰ ਅਪਣਾਉਣੀ ਪੈ ਗਈ।

ਮੀਡੀਆ ਦੀ ਭੂਮਿਕਾ ਬਾਰੇ ਤਾਂ ਇਹੀ ਚਾਰ ਲਾਈਨਾਂ ਲਿਖ ਸਕਦਾ ਹਾਂ ਕਿ ਅੱਗੇ ਤਾਂ ਡੱਬੂ ਦਾ ਕਿਰਦਾਰ ਨਿਭਾਉਣ ਵਾਲਾ ਇਕੱਲਾ ਮੀਡੀਆ ਹੁੰਦਾ ਸੀ ਹੁਣ ਤਾਂ ਸੁੱਖ ਨਾਲ ਸੋਸ਼ਲ ਮੀਡੀਆ ਰੂਪੀ ਡੱਬੂ ਘਰ-ਘਰ ਪੈਦਾ ਹੋ ਗਿਆ ਜੋ ਲਾਇਕ ਅਤੇ ਸ਼ੇਅਰ ਦੇ ਚੱਕਰ 'ਚ ਅੱਗ ਲਾ ਕੇ ਖ਼ੁਦ ਕੰਧ ਤੇ ਬੈਠਾ ਨਜ਼ਾਰੇ ਲੈ ਰਿਹਾ ਹੈ।

ਓਨਾ ਤਾਂ ਕਰੋਨਾ ਨਹੀਂ ਫੈਲਿਆ ਜਿੰਨੀਆਂ ਅਫ਼ਵਾਹਾਂ ਇਹਨਾਂ ਨੇ ਫਲਾ ਦਿੱਤਿਆਂ। ਪਰ ਕੋਈ ਨਾ ਵਕਤ ਵੱਡੀ ਚੀਜ਼ ਹੈ ਅਕਲ ਕਿਸੇ ਦਿਨ ਇਹਨਾਂ ਨੂੰ ਵੀ ਆਵੇਗੀ ਜਿਵੇਂ ਕਰੋਨਾ ਨੇ ਬਾਹੂਬਲੀਆਂ ਨੂੰ ਲਿਆ ਦਿੱਤੀ।

ਅਖੀਰ 'ਚ ਬੇਨਤੀ ਹੈ ਜੀ ਆਪ ਸਭ ਕੋਲ ਕਿ ਅਸੀਂ ਲੱਖ ਕੋਸ਼ਿਸ਼ ਕਰ ਲਈਏ ਦੁਨੀਆ ਨੂੰ ਤਾਂ ਨਹੀਂ ਸੁਧਾਰ ਸਕਦੇ, ਹਾਂ ਆਪਣੇ ਆਪ ਨੂੰ ਤਾਂ ਸੁਧਾਰ ਹੀ ਸਕਦੇ ਹਾਂ। ਜਿਸ ਦਿਨ ਅਸੀਂ ਸੁਧਰ ਗਏ ਦੁਨੀਆ ਆਪੇ ਸੁਧਰ ਜਾਣੀ ਹੈ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



Chicago's Pizza with a Twist
Call: 1-209-398-2221









Parvinder Dhesi
Kulwant Sandhu
1471 B St., Unit B, Livingston, CA 95334

# ਸੁਣ ਦਿੱਲੀਏ ਨੀ

ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।
ਦੱਸ ਕਿਹੜੀ ਸਾਥੋਂ ਭੁੱਲ ਤੇ ਗੁਨਾਹ ਹੋ ਗਿਆ ।

ਸਿਟੀਜਨ ਦੇ ਝਮੇਲੇ ਲੋਕਾਂ ਵਿੱਚ ਫੁੱਟ ਪਾਈ ਏ,
ਥਾਂ-ਥਾਂ ਉਤੇ ਲੀਡਰਾਂ ਮਚਾਈ ਹਾਲ ਦੁਹਾਈ ਏ ।
ਭੜਕੇ ਲੋਕ ਹਿੰਦੂ, ਮੁਸਲਿਮ 'ਚ' ਫ਼ਸਾਅ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

ਟਰੰਪ ਅਮਰੀਕਾ ਵਾਲਾ ਭਾਰਤ ਨੂੰ ਆਇਆ ਸੀ,
ਸਵਾਗਤ ਵਿਚ ਨੇਤਾਵਾਂ ਹੋਸ਼ ਗੁਆਇਆ ਸੀ ।
ਹਿੱਕ ਤੇਰੀ ਦਿਲੀਏ ਕਾਤਲਾਂ ਦਾ ਰਾਹ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

ਮਰੇ ਇਨਸਾਨ ਕਹਿੰਦੇ ਹਿੰਦੂ ਮੁਸਲਿਮ ਮਰੇ ਨੇ,
ਬਹੁਤੇ ਕਾਰੋਬਾਰ, ਘਰ ਅਗਾਂ ਦੀ ਬੱਲੀ ਚੜ੍ਹੇ ਨੇ ।
ਬੱਚੇ ਮਰੇ ਬੇਗੁਨਾਹ ਜਹਾਨ ਫ਼ਨਾਹ ਹੋ ਗਿਆ ,
ਸੁਣਿ ਦਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

84 ਨੇ ਲੜਾਏ ਹਿੰਦੂ ਸਿੱਖ ਤੇ ਸਾੜੇ ਵਿਚ ਅੱਗ ਦੇ,
ਬਦਨਾਮੀ ਹੋਈ ਕਤਲਾਂ ਦੀ ਬੜੀ ਵਿਚ ਜਗ ਦੇ ।
ਹਿਰਦਾ ਪਾਪੀਆ ਦਾ ਕਿਉਂ ਬੇਪ੍ਰਵਾਹ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

ਕੁਰਬਾਨੀ ਦਤੀ ਨੋਵੇਂ ਗੁਰੂ ਕਿਸੇ ਯਾਦ ਆਈ ਨਾਂ
ਦਿਤਾ ਉਨ੍ਹਾਂ ਸ਼ੀਸ਼ ਗੱਲ ਤੂੰ ਦਿਲ 'ਚ' ਵਸਾਈ ਨਾਂ।
ਹਿੰਦੂ,ਸਿੱਖ ਭਾਈਚਾਰਾ ਪਲਾਂ ਚ' ਤਬਾਹ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

ਦੇਸ਼ ਦੀ ਅਜ਼ਾਦੀ ਲਈ ਰੱਲ ਸਭ ਹੀ ਭਰਾਵਾਂ ਨੇ,
ਇੱਕਠਿਆਂ ਨੂੰ ਜ਼ੇਲ, ਹੋਈਆਂ ਫਾਂਸੀ ਸਜ਼ਾਵਾਂ ਨੇ ।
ਤੈਥੋਂ ਅੱਡ ਲੈ ਕੇ ਦੇਸ਼ ਵੱਖਰਾ ਜ਼ਿਨਾਹ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।

ਦਿਲ ਵਿਚ ਪਾਪ ਹੈ ਜੋ ਦੱਸ ਸਾਰਾ ਕੁਝ ਫੋਲ ਕੇ,
ਜਾਂ ਮਤ ਦੇ ਝੂਠੇ ਲੀਡਰਾਂ ਨੂੰ ਮੂੰਹੋਂ ਕੁਝ ਬੋਲ ਕੇ ।
ਸਮਾਜ ਤੇਰੇ ਸਹਿਰ ਦਾ ਗੰਧਲ਼ਾ ਬੇਹਜ਼ਾ ਹੋ ਗਿਆ,
ਸੁਣ ਦਿਲੀਏ ਨੀ ਦਿਲ ਤਾਂ ਸੁਆਹ ਹੋ ਗਿਆ ।



ਰਬਿੰਦਰ ਸ਼ਰਮਾ

# ਨਾਗਰਿਕਤਾ

**ਸ਼ਾਮ ਸਿੰਘ ਅੰਗ-ਸੰਗ**

ਭਾਵੇਂ ਦਿਨ ਚੜ੍ਹਿਆ ਭਲਾ
ਪਰ ਹਨੇਰੀ ਰਾਤ ਹੈ
ਉੱਠਦਿਆਂ ਹੀ ਤੁਰ ਪਈ
ਨਾਗਰਿਕਤਾ ਦੀ ਬਾਤ ਹੈ।

ਕਿੱਥੋਂ ਲਿਆਵਾਂ ਲੱਭ ਕੇ
ਹੁਣ ਜਨਮ ਆਪਣੇ ਦਾ ਪਤਾ
ਨਾ ਜਾਣਾਂ ਮੁਢਲੇ ਧਰਮ ਨੂੰ
ਨਾ ਹੀ ਚੇਤੇ ਜ਼ਾਤ ਹੈ।

ਸਾਡੀਆਂ ਵੋਟਾਂ ਨਾਲ ਜਿੱਤੇ
ਸਾਥੋਂ ਹੀ ਮੰਗਣ ਸਬੂਤ
ਕਿਹੋ ਜਿਹੀ ਸ਼ੱਕ ਦਾ ਆਲਮ
ਕਿਹੋ ਜਿਹੀ ਗੱਲਬਾਤ ਹੈ।

ਵੱਖਰੇ ਨਹੀਂ ਰਹਿਣ ਦੇਣੇ
ਲੋਕ ਪੈਰਾਂ ਹੇਠਲੇ ਰਾਹ
ਤਾਨਾਸ਼ਾਹੀ ਵਾਲੇ ਬੋਲਣ
ਇਹ ਹੀ ਇਕ ਸੌਗਾਤ ਹੈ।

ਇਹ ਜੋ ਹੁਕਮ ਆ ਰਹੇ ਨੇ
ਅਕਲ ਬਿਨ ਤੁਰਦੇ ਪਏ
ਲੋਕਾਂ ਸਿਰ ਤਾਂ ਰਾਤ ਟੰਗੀ
ਪਾਗ਼ਲ ਹੋਈ ਪ੍ਰਭਾਤ ਹੈ।

ਜਿਨ੍ਹਾਂ ਕਰਕੇ ਜਿੱਤੀ ਬੈਠੇ
ਉਨ੍ਹਾਂ ਦੀ ਖ਼ਤਰੇ 'ਚ ਹੋਂਦ
ਦੂਜਿਆ ਨੂੰ ਜਿੱਤ- ਜਤਾ ਕੇ
ਆਪ ਖਾਈ ਮਾਤ ਹੈ।

ਹਰੇਕ ਸਵੇਰਾ ਨਵਾਂ ਪੰਨਾਂ
ਜੀਵਨ ਦੀ ਕਿਤਾਬ ਦਾ
ਕਿਸੇ 'ਤੇ ਪੰਜਾਬ ਕਿਸੇ 'ਤੇ ਕੇਰਲਾ
ਕਿਸੇ'ਤੇ ਦਿੱਲੀ ਕਿਤੇ ਗੁਜਰਾਤ ਹੈ।

ਦੇਣ ਜਿਹੜੇ ਦੁੱਖ ਸਭ ਨੂੰ
ਉਹ ਨੇ ਸਭ ਦੇ ਖਿਲਾਫ
ਬੈਠ ਕੇ ਕੁਰਸੀ ਦੇ ਉੱਤੇ
ਖੁਦ ਭੁੱਲ ਗਏ ਔਕਾਤ ਹੈ।

ਜੇ ਗੁਆਚੀ ਵੰਨ-ਸੁਵੰਨਤਾ
ਪੱਲੇ ਕੀ ਰਹਿ ਜਾਊਗਾ।
ਰਾਸ਼ਟਰ ਤਾਂ ਹੋ ਜਾਊ ਇਕ
ਪਰ ਮਰ ਜਾਣਾ ਸੁਕਰਾਤ ਹੈ।

ਚੰਗਾ ਹੈ ਕਿ ਲੋਕ ਜਾਗੇ
ਸੜਕ ਸਫ਼ੇ 'ਤੇ ਬੈਠ ਗਏ
ਹਰ ਸੋਚ ਵਿਚ ਹੈ ਚਾਨਣਾ
ਹਰ ਮੱਥੇ ਵਿਚ ਪ੍ਰਭਾਤ ਹੈ।

ਵਸ ਗਿਆ ਜੋ ਵੀ ਜਿੱਥੇ
ਓਥੇ ਦਾ ਉਹ ਨਾਗਰਿਕ
ਸਰਦੀ ਗਰਮੀ ਉਸ ਦੀ ਸਭ
ਉਸ ਦੀ ਹੀ ਬਰਸਾਤ ਹੈ।

ਨਾਗਰਿਕਤਾ ਦਾ ਤਰਾਨਾ
ਨਾਗਰਿਕ ਹੀ ਗਾਉਣਗੇ
ਮਾਨਣ ਦਾ ਇਹ ਹੈ ਤੋਹਫ਼ਾ
ਕੁਦਰਤੀ ਇਹ ਦਾਤ ਹੈ।

# ਕੋਰੋਨਾ ਆਇਆ ਹੈ

ਮਚੀ ਦੁਨੀਆਂ'ਚ ਹਾਹਾਕਾਰ, ਕੋਰੋਨਾ ਆਇਆ ਹੈ।
ਬੰਦ ਹੋ ਗਏ ਨੇ ਕੰਮਕਾਰ, ਕੋਰੋਨਾ ਆਇਆ ਹੈ।
ਇੱਕ ਦੂਜੇ ਤੋਂ ਦੂਰੀ ਹੁਣ ਸਭ ਰੱਖਣ ਲੱਗ ਪਏ ਨੇ,
ਨਾ ਨੇੜੇ ਆਏ ਦਿਲਦਾਰ, ਕੋਰੋਨਾ ਆਇਆ ਹੈ।
ਇੱਕ ਦੂਜੇ ਦੇ ਗ਼ਲ ਲੱਗਕੇ ਜੋ ਮਿਲਦੇ ਹੁੰਦੇ ਸੀ,
ਹੱਥ ਜੋੜ ਕਹਿਣ ਨਮਸਕਾਰ, ਕੋਰੋਨਾ ਆਇਆ ਹੈ।
ਰੱਬ ਤੋਂ ਮੰਗਦੇ ਭੀਖ ਉਹ ਆਪਣੀ ਜਿੰਦਗੀ ਦੀ,
ਜੋ ਕਰਦੇ ਸੀ ਹੰਕਾਰ, ਕੋਰੋਨਾ ਆਇਆ ਹੈ।
ਮਹਾਂਮਾਰੀ ਕਹਿ ਦਿੱਤਾ ਹੈ ਹੁਣ ਕੋਵਿਡ ਉਨੀਂ ਨੂੰ,
ਡਰ ਗਿਆ ਹੈ ਸੰਸਾਰ, ਕੋਰੋਨਾ ਆਇਆ ਹੈ।
ਨਕਲੀ ਮਾਸਕ ਨਕਲੀ ਕਈ ਦਵਾਈਆਂ ਵੇਚਦੇ ਆ,
ਲੱਗੇ ਭਰਨ ਭੰਡਾਰ, ਕੋਰੋਨਾ ਆਇਆ ਹੈ।
ਆਪਣੇ ਹੀ ਹੁਣ ਘਰਾਂ'ਚ ਕੈਦੀ ਬਣਕੇ ਬਹਿ ਗਏ ਨੇ,
ਘੁੰਮਦੇ ਸੀ ਜੋ ਬਾਹਰ, ਕੋਰੋਨਾ ਆਇਆ ਹੈ।
ਖੌਰੇ ਕਿੰਨੀਆਂ ਜਾਨਾਂ ਇਸ ਨੇ ਹੋਰ ਲੈਣੀਆਂ ਨੇ,
ਮਰ ਗਏ ਕਈ ਹਜਾਰ, ਕੋਰੋਨਾ ਆਇਆ ਹੈ।
ਦੌਰ ਮੰਦੀ ਦਾ 'ਨਾਗਰਾ' ਹੁਣ ਦੁਨੀਆਂ ਵਿੱਚ ਚੱਲੇਗਾ,
ਔਖਾ ਹੋਏਗਾ ਪੈਰਾਂ ਭਾਰ, ਕੋਰੋਨਾ ਆਇਆ ਹੈ।

**– ਜਸਪਾਲ ਸਿੰਘ ਨਾਗਰਾ 'ਮਹਿੰਦਪਰੀਆ'**
**ਯੂਬਾ ਸਿਟੀ (ਕੈਲੇਫੋਰਨੀਆ) (ਅਮਰੀਕਾ)**
**001-360-448-1989**

# ਭਾਰਤ ਵਿਚ ਕਰੋਨਾ ਵਾਇਰਸ ਪੀੜਤਾਂ ਦੀ ਗਿਣਤੀ 137 ਹੋਈ

ਮੁੰਬਈ- ਮੁੰਬਈ ਵਿੱਚ 69 ਵਰ੍ਹਿਆਂ ਦੇ ਵਿਅਕਤੀ ਦੀ ਕਰੋਨਾਵਾਇਰਸ ਕਾਰਨ ਮੌਤ ਹੋਣ ਨਾਲ ਭਾਰਤ ਵਿੱਚ ਇਸ ਮਹਾਂਮਾਰੀ ਕਾਰਨ ਮਰਨ ਵਾਲਿਆਂ ਦੀ ਕੁੱਲ ਗਿਣਤੀ ਤਿੰਨ ਹੋ ਗਈ ਹੈ। ਸਿਹਤ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਵਿੱਚ ਕਰੋਨਾ ਵਾਇਰਸ ਪੀੜਤਾਂ ਦੀ ਗਿਣਤੀ ਵਧ ਕੇ 137 ਹੋ ਗਈ ਹੈ, ਜਿਸ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇਨਫੈਕਸ਼ਨ ਫੈਲਣ ਤੋਂ ਰੋਕਣ ਲਈ ਇਹਤਿਆਤ ਵਜੋਂ ਅਦਾਰੇ ਬੰਦ ਕੀਤੇ ਜਾ ਰਹੇ ਹਨ। ਸਰਕਾਰ ਵਲੋਂ ਸੋਮਵਾਰ ਨੂੰ ਯੂਰੋਪੀ ਮੁਲਕਾਂ, ਤੁਰਕੀ ਅਤੇ ਯੂਕੇ ਤੋਂ 18 ਮਾਰਚ ਤੋਂ 31 ਮਾਰਚ ਤੱਕ ਯਾਤਰੀਆਂ ਦੇ ਆਉਣ 'ਤੇ ਪਾਬੰਦੀ ਲਾਏ ਜਾਣ ਤੋਂ ਬਾਅਦ ਹੁਣ ਅਫ਼ਗਾਨਿਸਤਾਨ, ਫਿਲਪੀਨਜ਼ ਅਤੇ ਮਲੇਸ਼ੀਆ 'ਤੇ ਵੀ ਤੁਰੰਤ ਪ੍ਰਭਾਵ ਨਾਲ ਯਾਤਰੀਆਂ ਦੇ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਕੁਝ ਦਿਨ ਪਹਿਲਾਂ ਤੱਕ ਬਿਲਕੁਲ ਹੀ ਅਣਸੁਣਿਆ ਸ਼ਬਦ 'ਸਮਾਜਿਕ ਦੂਰੀ' ਹੁਣ ਜਨਤਕ ਸਥਾਨਾਂ 'ਤੇ ਆਮ ਵਰਤਿਆ ਜਾ ਰਿਹਾ ਹੈ। ਹਰ ਤਰ੍ਹਾਂ ਦੇ ਅਦਾਰੇ ਅਤੇ ਘੁੰਮਣ ਫਿਰਨ ਵਾਲੀਆਂ ਥਾਵਾਂ ਬੰਦ ਹੋਣ ਕਾਰਨ ਕਈ ਹਜ਼ਾਰਾਂ ਲੋਕ ਅਗਲੇ ਕੁਝ ਦਿਨਾਂ ਦੌਰਾਨ ਆਪਣੇ ਘਰਾਂ ਵਿੱਚ ਹੀ ਆਨਲਾਈਨ ਕੰਮ ਕਰ ਰਹੇ ਹਨ ਜਾਂ ਪੜ੍ਹਾਈ ਕਰ ਰਹੇ ਹਨ। ਅਧਿਕਾਰੀਆਂ ਅਨੁਸਾਰ ਮੁੰਬਈ ਵਿੱਚ ਕੋਵਿਡ-19 ਕਾਰਨ ਇਹ ਪਹਿਲੀ ਮੌਤ ਹੈ। ਇਹ ਵਿਅਕਤੀ ਦੁਬਈ ਤੋਂ ਸਫ਼ਰ ਕਰਕੇ ਪਰਤਿਆ ਸੀ। ਇਸ ਵਿਅਕਤੀ ਦੀ ਪਤਨੀ ਵੀ ਕਰੋਨਾ ਵਾਇਰਸ ਤੋਂ ਪੀੜਤ ਹੈ ਪਰ ਉਸ ਦੀ ਹਾਲਤ ਸਥਿਰ ਹੈ। ਇਹ ਵਿਅਕਤੀ ਪੰਜ ਦਿਨ ਨਿੱਜੀ ਹਸਪਤਾਲ ਵਿੱਚ ਦਾਖ਼ਲ ਰਿਹਾ ਅਤੇ ਬਾਅਦ ਵਿੱਚ ਇਸ ਨੂੰ ਮੁੰਬਈ ਦੇ ਕਸਤੂਰਬਾ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਜਦੋਂ ਇਸ ਵਿਅਕਤੀ ਨੂੰ ਨਿੱਜੀ ਹਸਪਤਾਲ ਦਾਖ਼ਲ ਕਰਵਾਇਆ ਸੀ ਤਾਂ ਉਸ ਵੇਲੇ ਇਸ ਨੇ ਆਪਣੀ ਦੁਬਈ ਫੇਰੀ ਬਾਰੇ ਜਾਣਕਾਰੀ ਨਹੀਂ ਦਿੱਤੀ ਸੀ। ਮਹਾਰਾਸ਼ਟਰ ਸੂਬੇ ਵਿੱਚ ਕਰੋਨਾ ਵਾਇਰਸ ਦੇ ਦੇਸ਼ ਭਰ 'ਚੋਂ ਸਭ ਤੋਂ ਵੱਧ 39 ਕੇਸ ਹਨ। ਭਾਰਤ ਵਿਚਲੇ 126 ਕੇਸ ਦੇਸ਼ ਦੇ 15 ਸੂਬਿਆਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿੱਚ ਹਨ। ਪੀੜਤਾਂ ਵਿੱਚ 22 ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ। ਚੀਫ ਮੈਡੀਕਲ ਅਫਸਰ ਅਨੁਰਾਗ ਭਾਰਗਵ ਨੇ ਦੱਸਿਆ ਕਿ ਨਵੇਂ ਕੇਸਾਂ ਵਿੱਚ ਦੋ ਜਣੇ ਨੋਇਡਾ ਤੋਂ ਹਨ, ਜਿਨ੍ਹਾਂ 'ਚੋਂ ਇੱਕ ਫਰਾਂਸ ਤੋਂ ਪਰਤਿਆ ਹੈ ਅਤੇ ਪਹਿਲਾਂ ਹੀ ਵੱਖਰੇ ਤੌਰ 'ਤੇ ਰਹਿ ਰਿਹਾ ਹੈ। ਦੂਜੇ ਮਰੀਜ਼ ਨੂੰ ਵੀ ਵੱਖਰੇ ਤੌਰ 'ਤੇ ਰੱਖਿਆ ਗਿਆ ਹੈ।

# ਵਕਤਨਾਮਾ ਸੰਸਾਰ

ਵਣਜ ਕਰੋ ਵਣਜਾਰਿਓ, ਮਨ ਵਿੱਚ ਪਾ ਕੇ ਸਹਿਮ।
ਮੰਡੀ ਕਰਦੀ ਕਦੇ ਨਾ, ਲੋਕਾਂ ਉੱਤੇ ਰਹਿਮ।

ਇਸ ਵਾਇਰਸ ਦੀ ਦੋਸਤੀ, ਹੁਕਮ ਹਕੂਮਤ ਨਾਲ।
ਭੁੱਖਿਓ ਨਾ ਕੁਝ ਮੰਗਿਉ, ਕੁਰਸੀ ਤੋਂ ਕੁਝ ਸਾਲ।

ਬਹਿ ਗਈ ਧਰਤੀ ਮੱਲ ਕੇ, ਆਦਮਖਾਣੀ ਜ਼ਾਤ।
ਬਿਨ ਜਾਗਿਆਂ ਨਾ ਮੁੱਕਣੀ ਲੰਮ ਸਲੰਮੀ ਰਾਤ।

ਇੱਕੋ ਰਾਗ ਅਲਾਪਦੇ, ਕੀ ਅਮਰੀਕਾ ਚੀਨ।
ਸਮਝਣ ਵਾਲੇ ਔਝੜੇ, ਗੁੰਝਲ ਬੜੀ ਮਹੀਨ।

ਕੋਈ ਨਮਸਤੇ ਵੇਚਦਾ, ਵੇਚੇ ਮੰਤਰ ਜਾਪ।
ਸਾਨੂੰ ਦੇਵੇ ਸਿੱਖਿਆ,ਲਵੇ ਦਵਾਈਆਂ ਆਪ।

ਫਾਂਡੇ ਕਰ ਕਰ ਵੇਖ ਲਏ, ਮਰਦਾ ਨਹੀਂਉਂ ਨਾਗ।
ਜੋਗੀ ਬੀਨ ਵਜਾਂਵਦੇ, ਗਾਉਣ ਬੇਵਕਤਾ ਰਾਗ।

ਵਰਕਾ ਵਰਕਾ ਪਾਟ ਗਈ, ਖਿੱਲਰੀ ਫਿਰੇ ਕਿਤਾਬ।
ਡਾਂਗਾਂ, ਵਾਛੜ, ਗੋਲੀਆਂ, ਚੁਗ ਲਉ ਆਪ ਜਨਾਬ।

ਧਰਮੀ ਧਰਮ ਗੁਆ ਲਿਆ,ਧੜਿਆਂ ਪਿੱਛੇ ਲੱਗ।
ਨੰਗੀ ਅੱਖ ਹੈ ਵੇਖਦੀ, ਸਿਰ ਤੋਂ ਲੱਥੀ ਪੱਗ।

ਸੁਣ ਨੀ ਚਾਤਰ ਕੁਰਸੀਏ, ਅਕਲਾਂ ਨੂੰ ਹੱਥ ਮਾਰ।
ਵਧਦਾ ਜਾਏ ਰੋਜ਼ ਹੀ ਸਿਵਿਆਂ ਦਾ ਵਿਸਥਾਰ।

ਪੱਟੀ ਮੂੰਹ ਤੇ ਬੰਨ੍ਹ ਕੇ, ਅਕਲੀਂ ਜੰਦਰੇ ਮਾਰ।
ਤੁਰ ਪਏ ਲੋਕ ਬਾਜ਼ਾਰ ਨੂੰ, ਮੱਚ ਗਈ ਹਾਹਾਕਾਰ।

ਸੌਦਾ ਸੂਤ ਖ਼ਰੀਦ ਕੇ, ਬਹਿ ਗਏ ਘਰ ਵਿੱਚ ਆਣ।
ਕੌਣ ਪਛਾਣੂੰ ਦੋਸਤੋ, ਨੀਤਾਂ ਵਿਚਲੀ ਕਾਣ।

ਹੱਥ ਧੋ ਪਿੱਛੇ ਪੈ ਗਿਆ, ਭੂਤਰਿਆ ਇਹ ਸਾਨ੍ਹ।
ਅਣਖੀ ਤੇ ਮਰਜੀਵੜੇ, ਫਿਰਨ ਬਚਾਉਂਦੇ ਜਾਨ।



**-ਗੁਰਭਜਨ ਗਿੱਲ**
**91- 98726 31199**

# ਕੰਪਿਊਟਰ ਫੈਕਲਟੀ ਤੋਂ ਮੁੱਖ ਅਧਿਆਪਕ ਬਣਨ ਵਾਲੀ ਪਰਮਜੀਤ ਕੌਰ ਲੜਕੀਆਂ ਲਈ ਬਣੀ ਰਾਹ ਦਸੇਰਾ

ਲੜਕੀਆਂ ਨੂੰ ਕੁੱਖ 'ਚ ਮਾਰਨ ਵਾਲਿਆਂ ਨੇ ਪਤਾ ਨਹੀਂ ਕਿੰਨੀਆਂ ਹੋਣਹਾਰ ਲੜਕੀਆਂ ਤੋਂ ਸਮਾਜ ਨੂੰ ਬਾਂਝਿਆਂ ਕਰ ਰੱਖਿਆ ਹੈ। ਪਰ ਲੜਕੀਆਂ ਨੇ ਹਰ ਖੇਤਰ 'ਚ ਨਾਮਣਾ ਖੱਟ ਕੇ ਆਪਣੇ ਮਾਪਿਆਂ ਤੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਇਨ੍ਹਾਂ ਵਿੱਚੋਂ ਹੀ ਇੱਕ ਹੈ ਪਰਮਜੀਤ ਕੌਰ,ਜਿਸ ਨੇ ਪਿਤਾ ਸ੍ਰ. ਰਘਵੀਰ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਅਮਰਜੀਤ ਕੌਰ ਦੀ ਕੁੱਖੋਂ 6 ਜੁਲਾਈ 1977 ਨੂੰ ਅਹਿਮਦੀਆ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਿਰਜਾ ਗੁਲਾਮ ਅਹਿਮਦ ਸਾਹਿਬ ਕਾਦੀਆਨੀ ਜੀ ਦੇ ਵਿਸ਼ਵ ਪ੍ਰਸਿੱਧ ਜਨਮ ਸਥਾਨ ਕਾਦੀਆਂ (ਗੁਰਦਾਸਪੁਰ) ਵਿਖੇ ਜਨਮ ਲਿਆ। ਪਰਮਜੀਤ ਕੌਰ ਚਾਰ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੀ ਜਰੂਰ ਹੈ ਪਰ ਘਰ ਵਿਚ ਸਭ ਤੋਂ ਜ਼ਿਆਦਾ ਪੜ੍ਹੀ ਲਿਖੀ ਹੈ। ਇਸ ਨੂੰ ਐਮ.ਫਿਲ, ਬੀ.ਐਸ.ਸੀ, ਐਮ.ਐਡ. ਅਤੇ ਐਮ. ਸੀ. ਏ. ਵਰਗੀਆਂ ਡਿਗਰੀਆਂ ਹੋਣ ਦੇ ਬਾਵਜੂਦ ਵੀ ਨੌਕਰੀ ਪ੍ਰਾਪਤ ਕਰਨ ਲਈ ਕਾਫੀ ਸੰਘਰਸ਼ ਕਰਨਾ ਪਿਆ। ਪਰਮਜੀਤ ਕੌਰ ਪਿਕਟਸ ਸੋਸਾਇਟੀ ਅਧੀਨ 2005 'ਚ ਭਰਤੀ ਦੌਰਾਣ ਕੰਪਿਊਟਰ ਅਧਿਆਪਕਾ ਚੁਣੀ ਗਈ, ਪਰੰਤੂ ਤਨਖਾਹ ਬਹੁਤ ਘੱਟ ਅਤੇ ਨੌਕਰੀ ਦਾ ਸਥਾਨ ਘਰ ਤੋਂ ਬਹੁਤ ਦੂਰ ਹੋਣ ਕਾਰਨ ਜਲਦੀ ਹੀ ਉਸ ਨੇ ਨੌਕਰੀ ਛੱਡ ਦਿੱਤੀ ਅਤੇ ਉਸ ਨੇ ਪ੍ਰਾਈਵੇਟ ਕਾਲਜ ਲੈਕਚਰਾਰ ਦੀ ਨੌਕਰੀ ਨੂੰ ਤਰਜੀਹ ਦਿੱਤੀ।

ਉਸ ਦਾ ਸਰਕਾਰੀ ਨੌਕਰੀ ਲਈ ਸੰਘਰਸ਼ ਚੱਲਦਾ ਰਿਹਾ ਅਤੇ ਫੇਰ 1 ਸਤੰਬਰ 2008 ਨੂੰ ਪਿਕਟਸ ਸੋਸਾਇਟੀ ਅਧੀਨ ਫੇਰ ਤੋਂ ਨਿਕਲੀਆਂ ਕੰਪਿਊਟਰ ਅਧਿਆਪਕਾਂ ਦੀਆਂ ਅਸਾਮੀਆਂ ਵਿਚ ਅਪਲਾਈ ਕਰਕੇ ਨੌਕਰੀ ਪ੍ਰਾਪਤ ਕੀਤੀ। ਇਸ ਵਾਰ ਵੀ ਵਿਦਿਅਕ ਯੋਗਤਾ ਦੇ ਬਰਾਬਰ ਦੀ ਨੌਕਰੀ ਨਾ ਹੋਣ ਕਾਰਨ ਅਤੇ ਤਨਖਾਹ ਕਾਫੀ ਘੱਟ ਹੋਣ ਕਾਰਨ ਤਸੱਲੀ ਨਹੀਂ ਸੀ ਪਰ ਫੇਰ ਵੀ ਘਰ ਦੀਆਂ ਕੁਝ ਮਜਬੂਰੀਆਂ ਕਾਰਨ ਨੌਕਰੀ ਕਰਨੀ ਪਈ। ਇਸ ਪਿੱਛੇ ਇਹ ਸੋਚ ਵੀ ਸੀ ਕਿ ਸ਼ਾਇਦ ਪਿਕਟਸ ਦੇ ਕਰਮਚਾਰੀਆਂ ਨੂੰ ਸਰਕਾਰ ਸਮਾਂ ਪਾ ਕੇ ਸਿੱਖਿਆ ਵਿਭਾਗ ਵਿਚ ਸ਼ਾਮਲ ਕਰ ਲਵੇਗੀ। ਸਮਾਂ ਲੰਘਦਾ ਗਿਆ ਪਰ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿਚ ਸ਼ਾਮਲ ਨਾ ਕੀਤਾ ਗਿਆ ਅਤੇ ਨਾ ਹੀ ਦੂਜੇ ਸਰਕਾਰੀ ਅਧਿਆਪਕਾਂ ਵਾਂਗ ਸਹੂਲਤਾਂ ਦਿੱਤੀਆ ਗਈਆਂ। ਅਖੀਰ ਵਿੱਚ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਅੱਗੇ ਝੁਕਦਿਆਂ ਸਰਕਾਰ ਨੇ ਇਨ੍ਹਾਂ ਨੂੰ ਪਿਕਟਸ ਸੋਸਾਇਟੀ ਅਧੀਨ ਹੀ ਰੈਗੂਲਰ ਕਰਨ ਦਾ ਫੈਸਲਾ ਲਿਆ ਅਤੇ ਦੂਜੇ ਸਰਕਾਰੀ ਅਧਿਆਪਕਾਂ ਵਾਂਗ ਹੀ ਸੀ. ਐਸ. ਆਰ. ਦੇ ਨਿਯਮ ਲਾਗੂ ਕੀਤੇ। ਪਰ ਅਜੇ ਵੀ ਕੰਪਿਊਟਰ ਅਧਿਆਪਕਾਂ ਲਈ ਨਾ ਤਾਂ ਕੋਈ ਪ੍ਰਮੋਸ਼ਨ ਦਾ ਵਿਕਲਪ ਸੀ ਅਤੇ ਨਾ ਹੀ ਤਨਖਾਹ ਵਿੱਚ ਵਾਧਾ ਉਸ ਦਰ ਨਾਲ ਹੁੰਦਾ ਸੀ ਜਿਸ ਤਰਾਂ ਦੂਜੇ ਅਧਿਆਪਕਾਂ ਦਾ ਹੁੰਦਾ ਹੈ। ਪਰਮਜੀਤ ਕੌਰ ਦੇ ਅੰਦਰ ਅੱਗੇ ਵੱਧਣ ਦੀ ਜਗਿਆਸਾ ਹੋਰ ਪ੍ਰਬਲ ਹੋ ਰਹੀ ਸੀ। ਉਸ ਦਾ ਵਿਆਹ ਇੱਕ ਪੜ੍ਹੇ ਲਿਖੇ ਪਰਿਵਾਰ ਵਿੱਚ ਸ੍ਰ. ਤਰਲੋਕ ਸਿੰਘ ਭਾਟੀਆ (ਰਿਟਾ: ਐਸ.ਡੀ.ਅ.) ਅਤੇ ਸਵ: ਸ਼੍ਰੀਮਤੀ ਜਸਵੀਰ ਕੌਰ( ਜੇ.ਬੀ.ਟੀ. ਅਧਿਆਪਕਾ) ਦੇ ਸਪੁੱਤਰ ਅਤੇ ਅਜੀਤ ਸਿੰਘ (ਲੈਕ: ਅੰਗਰੇਜ਼ੀ) ਦੇ ਭਰਾ ਬਲਜੀਤ ਸਿੰਘ ਨਾਲ 23 ਅਕਤੂਬਰ 2010 ਨੂੰ ਹੋਇਆ ਜੋ ਕਿ ਹੁਣ ਸਰਕਾਰੀ ਸਕੂਲ 'ਚ ਬਤੌਰ ਲੈਕਚਰਾਰ ਫਿਜ਼ਿਕਸ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੇ ਘਰ ਬੇਟੇ ਮਿਹਰਾਮਤ ਸਿੰਘ ਨੇ ਜਨਮ ਲਿਆ ਜੋ ਕਿ ਸਕੂਲੀ ਪੜ੍ਹਾਈ ਕਰ ਰਿਹਾ ਹੈ।



ਇਹ ਸਾਰਾ ਕੁਝ ਇਸੇ ਤਰਾਂ ਚਲਦਾ ਗਿਆ ਪਰ ਪਰਮਜੀਤ ਕੌਰ ਰੱਬ ਦਾ ਸ਼ੁਕਰ ਕਰਕੇ ਨੌਕਰੀ ਕਰਦੀ ਰਹੀ ਪਰ ਉਸ ਦੀ ਉੱਚ ਮੁਕਾਮ ਤੇ ਪੁੱਜਣ ਦੀ ਇੱਛਾ ਸ਼ਕਤੀ ਉਸੇ ਤਰਾਂ ਬਰਕਰਾਰ ਰਹੀ। ਉਹ ਆਪਣਾ ਕੰਮ ਸਮੇਂ ਸਿਰ ਤਨਦੇਹੀ ਨਾਲ ਕਰਦੀ ਰਹਿੰਦੀ ਹੈ। ਉਸ ਦਾ ਸੁਭਾਅ ਮਿਲਣਸਾਰ, ਸੇਵਾ ਭਾਵਨਾ ਨਾਲ ਹਰ ਇਕ ਦੀ ਮੱਦਦ ਕਰਨ ਵਾਲਾ ਹੈ। ਉਹ ਬੱਚਿਆ ਨੂੰ ਪੜ੍ਹਾਉਣ ਦੇ ਨਾਲ ਨਾਲ ਆਪ ਵੀ ਪੜ੍ਹਾਈ ਨਾਲ ਜੁੜੀ ਰਹੀ। ਉਸ ਦਾ ਅਖਬਾਰਾਂ ਪੜ੍ਹਨ ਦਾ ਸ਼ੌਕ, ਉਸ ਦੀ ਆਮ ਜਾਣਕਾਰੀ ਵਿੱਚ ਵਾਧਾ ਕਰਨ 'ਚ ਸਹਾਈ ਰਿਹਾ ।ਸਿੱਖਿਆ ਵਿਭਾਗ ਵੱਲੋਂ ਅਚਾਨਕ ਸਿੱਧੀ ਭਰਤੀ ਰਾਹੀਂ ਪ੍ਰਿੰਸੀਪਲਾਂ ਦੀਆਂ ਅਤੇ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਕੱਢੀਆਂ ਗਈਆਂ। ਇਹ ਭਰਤੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਕੀਤੀ ਜਾਣੀ ਸੀ। ਇਸ ਵਿਚ ਲਿਖਤੀ ਪੇਪਰ ਅਤੇ ਇੰਟਰਵਿਊ ਦੁਆਰਾ ਭਰਤੀ ਕੀਤੀ ਜਾਣੀ ਸੀ। ਇਸ ਭਰਤੀ ਲਈ ਉਹ ਪੂਰੀ ਤਰਾਂ ਯੋਗ ਉਮੀਦਵਾਰ ਸੀ।ਵੱਡੀ ਗਿਣਤੀ ਵਿਚ ਅਧਿਆਪਕਾਂ ਵਲੋਂ ਅਪਲਾਈ ਕੀਤਾ ਗਿਆ ਜਿਨ੍ਹਾਂ 'ਚੋਂ ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਲਏ ਲਿਖਤੀ ਪੇਪਰ ਅਤੇ ਇੰਟਰਵਿਊ ਨੂੰ ਪਾਸ ਕਰਕੇ ਮੁੱਖ ਅਧਿਆਪਕਾ ਚੁਣੀ ਗਈ।ਕੰਪਿਊਟਰ ਅਧਿਆਪਕਾਂ ਤੋਂ ਮੁੱਖ ਅਧਿਆਪਕ ਬਣਨ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ।

ਸਿਰਫ ਸਾਰੇ ਪੰਜਾਬ ਵਿਚੋਂ 14 ਕੰਪਿਊਟਰ ਅਧਿਆਪਕ ਹੀ ਮੁੱਖ ਅਧਿਆਪਕ ਬਣਨ ਵਿਚ ਸਫਲ ਹੋਏ ਹਨ, ਜਿਨ੍ਹਾਂ 'ਚ ਸ਼ਾਮਲ ਪਰਮਜੀਤ ਕੌਰ ਸਮੇਤ ਸਿਰਫ ਛੇ ਫੀਮੇਲ ਮੁੱਖ ਅਧਿਆਪਕ ਹਨ। ਮੁੱਖ ਅਧਿਆਪਕਾ ਬਣਨ ਤੋਂ ਪਹਿਲਾਂ ਪਰਮਜੀਤ ਕੌਰ ਸ.ਸ.ਸ.ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਬਤੌਰ ਕੰਪਿਊਟਰ ਫੈਕਲਟੀ ਕੰਮ ਕਰ ਰਹੀ ਸੀ। ਇਥੇ ਉਨ੍ਹਾਂ ਦਾ ਬੱਚਿਆਂ ਨਾਲ, ਦੂਜੇ ਅਧਿਆਪਕਾਂ ਨਾਲ ਅਤੇ ਪਿੰਡ ਵਾਲਿਆਂ ਨਾਲ ਸਹਿਚਾਰ ਬਹੁਤ ਵਧੀਆ ਰਹੇ ਹਨ ।ਉਹ ਲੋੜਵੰਦ ਬੱਚਿਆਂ ਦੀ ਹਰ ਤਰ੍ਹਾਂ ਦੀ ਮੱਦਦ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਰਹੇ ਹਨ।

ਗੱਲ ਜੋ ਮਰਜੀ ਹੋਵੇ ਪਰ ਪਰਮਜੀਤ ਕੌਰ ਦੀ ਆਪਣੀ ਕਾਬਲੀਅਤ ਦੇ ਬਲਬੂਤੇ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਣ ਦੀ ਇੱਛਾ ਸ਼ਕਤੀ ਰੰਗ ਲਿਆਈ, ਜਿਸ ਸਦਕਾ ਉਸ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਔਖੇ ਟੈਸਟ ਨੂੰ ਪਾਸ ਕਰਕੇ ਬਤੌਰ ਮੁੱਖ ਅਧਿਆਪਕਾ 16 ਜਨਵਰੀ 2020 ਨੂੰ ਮੁੱਖ ਦਫਤਰ ਵਿਖੇ ਹਾਜ਼ਰੀ ਦੇ ਕੇ 24 ਜਨਵਰੀ 2020 ਨੂੰ ਸ.ਹ.ਸ. ਨਮਾਦਾ (ਪਟਿਆਲਾ) ਵਿਖੇ ਮੁੱਖ ਅਧਿਆਪਕ ਦੀ ਕੁਰਸੀ ਤੇ ਬੈਠਣ ਦਾ ਸੁਭਾਗ ਹਾਸਲ ਕੀਤਾ ਅਤੇ ਲੜਕੀਆਂ ਲਈ ਰਾਹ ਦਸੇਰਾ ਬਣ ਕੇ ਅੱਗੇ ਆਈ ਹੈ। ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵੱਡਾ ਸਹਿਯੋਗ ਵਿਦਿਆਰਥੀਆਂ, ਸਾਥੀ ਅਧਿਆਪਕਾਂ ਅਤੇ ਭਾਟੀਆ ਪਰਿਵਾਰ ਦਾ ਰਿਹਾ ਹੈ।ਪਰਮਾਤਮਾ ਉਨ੍ਹਾਂ ਨੂੰ ਇਸੇ ਤਰ੍ਹਾਂ ਹੋਰ ਬੁਲੰਦੀਆਂ ਬਖਸ਼ੇ।



**ਮੇਜਰ ਸਿੰਘ ਨਾਭਾ**
**91-94635-53962**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ















**ਯੂਬਾ ਸਿਟੀ (ਬਿਊਰੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਹਫਤਾਵਾਰੀ ਦੀਵਾਨ ਸਜਾਏ ਗਏ, ਜਿਸ ਵਿਚ ਗੁਰਮੁਖ ਪਰਿਵਾਰ ਬੀਬੀ ਅਮਰ ਕੌਰ (ਰੱਲੂ), ਸ੍ਰੀ ਦਿਲਬਾਗ ਚੰਦ ਰੱਲੂ, ਸ੍ਰੀ ਦਿਲਵਿੰਦਰ ਰੱਲੂ, ਸ੍ਰੀ ਕੁਲਵਿੰਦਰ ਕੁਮਾਰ ਜੀ ਅਤੇ ਸਮੂਹ ਪਰਿਵਾਰ ਵੱਲੋਂ ਸਵਰਗਵਾਸੀ ਸ੍ਰੀ ਹਰਬਿਲਾਸ ਰਾਮ ਜੀ ਦੀ ਤੀਸਰੀ ਬਰਸੀ ਦੇ ਸਬੰਧ ਵਿਚ 13 ਮਾਰਚ ਦਿਨ ਸ਼ੁੱਕਰਵਾਰ ਨੂੰ ਧੁਰ ਕੀ ਬਾਣੀ ਜੀ ਦੇ ਅਖੰਡ ਪਾਠ ਆਰੰਭ ਕਰਵਾਏ ਗਏ, ਜਿਹਨਾਂ ਦੇ ਭੋਗ 15 ਮਾਰਚ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ (ਸੁਦਾਣਾ ਵਾਲੇ) ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਆਏ ਹੋਏ ਬੁਲਾਰਿਆਂ ਨੇ ਸ੍ਰੀ ਹਰਬਿਲਾਸ ਰਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਗੁਰਮੁਖ ਪਰਿਵਾਰ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਨਾਲ ਸਲਮਾਨਿਤ ਕੀਤਾ ਗਿਆ ਅਤੇ ਸ. ਕਰਮ ਸਿੰਘ ਬੈਂਸ ਵੀ ਵਿਸ਼ੇਸ਼ ਤੌਰ ਤੇ ਇਲੈਕਸ਼ਨ ਜਿੱਤਣ ਤੋਂ ਬਾਅਦ ਸਤਗੁਰਾਂ ਦਾ ਸ਼ੁਕਰਾਨਾ ਕਰਨ ਵਾਸਤੇ ਪਹੁੰਚੇ। ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਉਪਰੰਤ ਸਮੂਹ ਪ੍ਰਬੰਧ ਕਮੇਟੀ ਮੈਂਬਰ ਸ. ਗੁਰਨਾਮ ਸਿੰਘ ਜੀ (ਭੰਡਾਲ), ਸ. ਸ਼ਿੰਗਾਰਾ ਸਿੰਘ ਰੱਲੂ, ਸ੍ਰੀ ਰਾਮ ਸੇਵਕ ਭਾਟੀਆ ਅਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਸ. ਗੁਰਦੀਪ ਸਿੰਘ ਹੀਰਾ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ ਗਈ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

**ਤਸਵੀਰਾਂ 'ਦੇਸ਼ ਦੁਆਬਾ'**




KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## Thinking of Buying or Selling a Home? I Can Help!



COMMERCIAL & RESIDENTIAL REAL ESTATE

# JOHN SINGH BANGA

**Honest & Experienced Realtor**

# 916-271-5404

FOR OVER 15 YEARS A TOP PRODUCER

banga.realtor@gmail.com

www.banga.bhhser.com

CALBRE#01397975

BERKSHIRE HATHAWAY HomeServices Elite Real Estate

## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BERKSHIRE HATHAWAY HOMESERVICES BH HS

Elite Real Estate
Home Services

## BERKSHIRE HATHAWAY




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

## OFFICE: 7412 ELSIE AVE., SACRAMENTO, CA 95828